# ਵਤਨੋਂ ਦੂਰ

ਸੰਪਾਦਕ :
ਸੁਰਿੰਦਰ ਧੰਜਲ

TELEPHONE: 874-5403

F APRIL, 1975 )75

PRICE: 50 ¢

LITERARY & CULTURAL
MONTHLY OF PANJABI

# THE WATNO DŪR

Post Box No. 1041
Coquitlam, B.C., Canada



ਦੇਹ ਸਿਵਾ ਬਰ ਮੋਹਿ ਇਹੈ, ਸੁਭ ਕਰਮਨ ਤੇ ਕਬਹੂੰ ਨ ਟਰੋਂ ॥
ਨ ਡਰੋਂ ਅਰਿ ਸੋ ਜਬ ਜਾਇ ਲਰੋਂ, ਨਿਸਚੈ ਕਰ ਆਪਨੀ ਜੀਤ ਕਰੋਂ ॥



T. RAJ KAPAHI C.L.U.
*Unit Supervisor*
Res.: 433-3441



RAVI MATHUR
*Representative*
Res.: 438-2307

## FINANCIAL PLANNING

Too many financial programs are like leaky faucets. But they waste dollars, instead of water. Maybe because somebody didn't plan the program carefully enough. Dollars should be forced to work hard. May I review your Program? If it is adequate, you'll be happy to know. If not, perhaps I can help! Interested?

**The Monarch Life**
**ASSURANCE COMPANY**

1520 - 777 HORNBY STREET, VANCOUVER 1, B.C. BUS. 684-5322

FOR

LIFE INSURANCE

EDUCATION PLAN

MORTGAGE PLAN

Retirement registered Saving Plan
and all other kinds of insurance

Contact

# DALJIT SANDHU

Office
685-7231

Residence
278-0491



ਦਲਜੀਤ ਸੰਧੂ

## National Life of Canada

Suite 501, 1155—West Pender Street
Vancouver, B.C. Phone: 685-7231



FOR ANY KIND OF

## INSURANCE

Life, Accident, Sickness,
Mortgage & Children

CONTACT

## RUPINDER S. AZAD
M.A., B.Ed.

OF

**SEA BOARD LIFE INSURANCE COMPANY**

Head Office: 1900 — W. Broadway, Vancouver, B.C

Office: 736-7431 Res. 576-2386

## CENTURY TRAVEL SERVICE



204—3310 FRASER STREET
VANCOUVER, B.C., CANADA V5V 4C1

OFF: 874-9429
RES: 681-3668

LOWEST FARES TO INDIA, PAKISTAN, FIJI, EUROPE, AND ALL OVER THE WORLD.

WE ALSO HELP IN GETTING PASSPORTS, VISAS AND IMMIGRATION PAPERS, ETC.

*GURSHARAN SANDHU*

ਸੈਂਚਰੀ ਟਰੈਵਲ ਸਰਵਿਸ

204-3310 ਫਰੇਜ਼ਰ ਸਟਰੀਟ, ਵੈਨਕੂਵਰ, ਬੀ.ਸੀ., ਕੈਨੇਡਾ

OFF: 874-9429 RES: 681-3668

B. R. CONTRACTORS
for
## ELECTRICAL WIRING IN

NEW HOUSES (RESIDENTIAL, COMMERCIAL & DOMESTIC)

INSTALLATION AND REPAIRS OF WASHERS, DRYERS AND STOVES

## FRAMING

FOR CUSTOM HOMES (COMMERCIAL, RESIDENTIAL AND INDUSTRIAL) plus RENOVATIONS

ALL TYPES OF

## BACK HOE SERVICE

DIGGING, TRENCHING, SEWERS, BACK FILLING ETC.



580—Rubber wheeled backhoe

CONTACT:
TARLOCHAN BAINS

1363—E. 12th Avenue,
Vancouver, B.C.

Business: 879-2062

Mobile phone: JR2-8484 (via operator)

THERE'S LIFE AT MARS

## MARS REALTY LTD.

5467 VICTORIA DR., VANCOUVER, B.C.



**BUS. 327-8315**

**RES. 433-3334**

For all kinds of real estate services, contact

**DARSHAN BRAR, M.A.**

Member Medallion Club of Real Estate Board of Greater Vancouver.

Mortgages — Aprraisals — Rentals — Sales


FRIENDS DISTRIBUTORS PRESENT
FOR THE FIRST TIME IN CANADA AND U.S.A.
SWARAN LATA AND PARTY
ਸਵਰਨ ਲਤਾ ਅਤੇ ਪਾਰਟੀ
LATA IN ANOTHER DANCE MOVEMENT
LATA DANCING
SITAL SINGH SITAL FOLK SINGER
SONIA DANCER-SINGER READY FOR THE DANCE
SWARAN LATA WITH SURJIT MADHOPURI IN A DUET NUMBER
LATA
LATA
PREM-MUSICIAN
FOR ENQUIRES
HOME DELIVERY OF TICKETS
AND PARTIES INTERESTED IN
BOOKING OTHER SHOWS ANYWHERE
IN CANADA & U.S.A.— PLEASE
CONTACT
MANJIT S. VIRDI
(604) 879-6440
AT QUEEN ELIZABETH THEATRE
ON SUNDAY, MAY 18, 1975 1.00 P.M.
TICKETS
$3.
$4.
$5.
AVAILABLE AT
ROKKO SAREES,
6201 FRASER STREET
327-3033

# ਸੰਦੀਪ ਸਟੂਡੀਓ

**FOR ANY KIND OF**

## Photography

**REMEMBER**

**SANDEEP STUDIO**

8157 Main Street
at Marine Drive

TELEPHONE: 324-4727 325-9255

ਹਰ ਕਿਸਮ ਦੇ ਬੀਮੇ
ਲਈ ਤੁਹਾਡੇ ਸਹਾਇਕ:-

## ਗਿੱਲ ਇਨਸ਼ੋਅਰੈਂਸ ਸਰਵਿਸਜ਼ ਕੰਪਨੀ ਲਿਮਿਟਡ

(ਸੁਰਜੀਤ ਗਿੱਲ)

AUTO — FIRE — LIFE

B—3905 Knight Street
at Kingsway)
Vancouver, B.C.

Off. 879-5522 Res. 434-7757

ਤੁਹਾਡਾ ਮਨ-ਪਸੰਦ

## ਨਵਾਂ ਰੇਡੀਓ ਪ੍ਰੋਗਰਾਮ
## ਸਾਜ਼ ਔਰ ਆਵਾਜ਼

KISM (FM 93 BELLINGHAM)

ਬੋਲੀ:
ਹਿੰਦੀ ਤੇ ਪੰਜਾਬੀ
ਦਿਨ:
ਐਤਵਾਰ
ਸਮਾਂ:
10-30 A.M. ਤੋਂ 12 NOON
ਫੋਨ:
872-1824

**LISTEN TO**

## SAAZ aur AWAZ

Newly featured program of
Hindi and Panjabi music
ON

**KISM** (FM 93 BELLINGHAM)

EVERY SUNDAY
From 10-30 A.M.—12 noon

For further information contact:
872-1824

## ਆਰਟ ਫਾਊਂਡੇਸ਼ਨ ਵੱਲੋਂ

ਦਰਸ਼ਕਾਂ, ਕਲਾਕਾਰਾਂ
ਅਤੇ ਉਨ੍ਹਾਂ ਕਲਾ-ਪ੍ਰੇਮੀਆਂ ਦਾ
ਹਾਰਦਿਕ ਧੰਨਵਾਦ, ਜਿਨ੍ਹਾਂ ਨੇ 30
ਮਾਰਚ 1975 ਨੂੰ ਕੁਈਨ-ਐਲਿਜ਼ਬੈਥ
ਪਲੇਹਾਊਸ ਵਿੱਚ ਸਾਡੀ ਪੇਸ਼ਕਸ਼

## ਲੋਹਾ ਕੁਟ

ਨੂੰ ਸਫ਼ਲ ਬਣਾਇਆ!

ਅਸੀਂ ਭਵਿੱਖ ਵਿੱਚ ਅਜਿਹੀਆਂ
ਹੋਰ ਖ਼ੂਬਸੂਰਤ ਕਲਾ-ਪ੍ਰਦਰਸ਼ਨੀਆਂ
ਵਿੱਚ ਭਾਗ ਲੈਣ ਦੇ ਚਾਹਵਾਨ ਮੁੰਡੇ
ਕੁੜੀਆਂ ਨੂੰ ਸੱਦਾ ਦਿੰਦੇ ਹਾਂ।

ਟੈਲੀਫ਼ੋਨ:
874-3712
874-5403.

LITERARY & CULTURAL
MONTHLY OF PANJABI

**THE WATNO DŪR**

Post Box No. 1041
Coquitlam, B.C., Canada

TELEPHONE: 874-5403

SECOND CLASS MAIL REGD. NO. 3233 | VOLUME III | APRIL, 1975 | S. NO. 22

FOUNDER:
TARA SIGH HAYER

ADVISOR:
AJMER SINGH RODEY

PUBLISHER:
CHARANJEET SIDHOO

EDITOR:
SURINDER DHANJAL

ASSTT. EDITOR:
BHUPINDER DHALIWAL

ADVERTISING EDITOR:
DALJIT TOOR

ART EDITOR:
NIRMAL DHALIWAL

CIRCULATION EDITOR:
KARAMJIT GHUMAN

SUBSCRIPTION:
ANNUAL: $5.00

HALF YEAR: $3.00

ONE COPY: 50 c

## ਐਡੀਟੋਰੀਅਲ

13 ਅਪ੍ਰੈਲ 1699 ਨੂੰ ਵਿਸਾਖੀ ਵਾਲੇ ਦਿਨ ਗੁਰੂ ਗੋਬਿੰਦ ਸਿੰਘ ਨੇ ਸਿੱਖ ਕੌਮ ਨੂੰ ਅਣਖ ਅਤੇ ਬੀਰਤਾ ਦਾ ਇਕ ਨਵਾਂ ਸੰਕਲਪ ਪੇਸ਼ ਕੀਤਾ ਸੀ। ਇੱਕ ਨਵੀਨ ਮਨੋਵਿਗਿਆਨਕ ਢੰਗ ਨਾਲ ਉਨ੍ਹਾਂ ਨੇ ਸਿੱਖ ਕੌਮ ਨੂੰ, ਮੁਗ਼ਲ ਸਾਮਰਾਜ ਵਿਰੁੱਧ 'ਸਵੈ-ਰੱਖਿਆ-ਸੰਗਰਾਮ' ਲੜਨ ਅਤੇ ਜ਼ੁਲਮ ਵਿਰੁੱਧ ਜ਼ੋਰਦਾਰ ਆਵਾਜ਼ ਬੁਲੰਦ ਕਰਨ ਲਈ, ਜਥੇਬੰਦ ਕਰਨ ਦਾ ਇਨਕਲਾਬੀ ਕਦਮ ਚੁੱਕਿਆ ਸੀ।

ਗੁਰੂ ਗੋਬਿੰਦ ਸਿੰਘ ਦੇ ਇਹ ਮਹਾਨ ਸੰਦੇਸ਼ ਹਰ ਜ਼ਿੰਦਾ ਦਿਲ ਦਾ ਪ੍ਰੇਰਣਾ ਸਰੋਤ ਹਨ:

- ਜਬ ਆਵ ਕੀ ਅਉਧ ਨਿਦਾਨ ਬਨੈ, ਅਤਿ ਹੀ ਰਨ ਮੈ ਤਬ ਜੂਝ ਮਰੋਂ ॥
- ਚੂੰ ਕਾਰ ਅਜ਼ ਹਮਾਂ ਹੀਲਤੇ ਦਰ ਗੁਜ਼ਸ਼ਤ ॥
  ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ ॥

ਅਲਬਰਟ ਆਈਨਸਟਾਈਨ ਵੀਹਵੀਂ ਸਦੀ ਦਾ ਇਕ ਮਹਾਨ ਵਿਗਿਆਨੀ ਸੀ। ਉਸ ਤੋਂ ਪਹਿਲਾਂ ਭੌਤਿਕ ਵਿਗਿਆਨ ਦੇ ਆਕਾਸ਼ ਤੇ ਗਾੜ੍ਹੀ ਧੁੰਦ ਛਾਈ ਹੋਈ ਸੀ। ਉਸਨੇ 1905 ਅਤੇ 1915 ਵਿੱਚ ਆਪਣਾ ਆਪੇਖਿਕਤਾ ਸਿਧਾਂਤ (THEORY OF RELATIVITY) ਪੇਸ਼ ਕਰਕੇ ਭੌਤਿਕ ਵਿਗਿਆਨ ਦੇ ਵਿਸ਼ੇਸ਼ ਭੁਲੇਖਿਆਂ ਦੀ ਵਿਆਖਿਆ ਕੀਤੀ ਅਤੇ ਇਉਂ ਸਾਰੀ ਵਿਗਿਆਨ ਦੇ ਭਵਿੱਖ ਨੂੰ ਖ਼ਤਰੇ ਵਿੱਚੋਂ ਕੱਢਕੇ ਵਿਗਿਆਨ ਦੇ ਇਤਿਹਾਸ ਨੂੰ ਇਕ ਨਵਾਂ ਮੋੜ ਦਿੱਤਾ ਸੀ। ਅਪ੍ਰੈਲ 1955 ਵਿੱਚ ਇਹ ਮਹਾਨ ਵਿਗਿਆਨੀ ਸਾਥੋਂ ਹਮੇਸ਼ਾਂ ਲਈ ਵਿੱਛੜ ਗਿਆ।

"ਵੰਗਾਰ" ਅਤੇ "ਦੋਨੋਂ ਧੁੰਦ" ਨੂੰ ਦੀਆਂ ਕਵਿਤਾਵਾਂ; ਅਪ੍ਰੈਲ ਮਹੀਨੇ ਨਾਲ ਸੰਬੰਧਤ ਗੁਰੂ ਗੋਬਿੰਦ ਸਿੰਘ ਅਤੇ ਅਲਬਰਟ ਆਈਨਸਟਾਈਨ ਬਾਰੇ 'ਵਤਨੋਂ ਦੂਰ' ਦੀ ਆਧੁਨਿਕ ਵਿਚਾਰਧਾਰਾ ਦੀਆਂ ਪ੍ਰਤੀਕ ਹਨ।

(ਸੁਰਿੰਦਰ ਧੰਜਲ)

ਮੁੱਖ-ਚਿੱਤਰ: ਨਿਰਮਲ ਧਾਲੀਵਾਲ

ਅਗਲੇ ਅੰਕ ਦਾ ਵਿਸ਼ੇਸ਼ ਲੇਖ: ਵਿਸ਼ਵ ਹਾਕੀ ਵਿੱਚ ਭਾਰਤ ਦੀ ਜਿੱਤ

## ਵੰਗਾਰ

(ਸ਼ੇਰ ਸਿੰਘ ਕੰਵਲ-INDIA)

ਹੈ ਵਕਤ ਦੀ ਆਵਾਜ਼ ਇਹ, ਜਾਗੋ ਮਲਾਹੋ ਜਾਗ ਪਓ।
ਭੰਵਰਾਂ 'ਚ ਬੇੜੀ ਕੌਮ ਦੀ, ਐ ਨਾ-ਖੁਦਾਓ ਜਾਗ ਪਓ।
ਜਾਗੋ ਨਾਨਕ ਦੇ ਵਾਰਸੋ ; ਓਏ ਬਾਲਿਓ, ਮਰਦਾਨਿਓਂ!
ਦਸਮੇਸ਼ ਜੀ ਦੇ ਦੂਲਿਓ, ਪ੍ਰਵਾਨਿਓ ਦੀਵਾਨਿਓਂ!
ਨਲੂਏ ਦੇ ਨਿੱਕੇ ਵੀਰਿਓ, ਅਰੂ ਦੀ ਅੱਖ ਦੇ ਤਾਰਿਓ।
ਬੰਦੇ ਦੇ ਅਣਖੀ ਬੀਰਿਓ; ਸ਼ਰਾਰਿਓ, ਅੰਗਾਰਿਓ।
ਜਾਗੋ ਐ ਕਿਰਤੀ ਕਾਮਿਓ, ਜਾਗੋ ਕਿਸਾਨੋ ਜਾਗ ਪਓ।
ਐ ਬੱਚਿਓ, ਐ ਬੁੱਢਿਓ, ਐ ਨੌਜਵਾਨੋ ਜਾਗ ਪਓ।
ਜਾਗੋ ਐ ਕਵੀਓ, ਰਹਿਬਰੋ! ਤਕਦੀਰ ਘੜ ਲਓ ਕੌਮ ਦੀ।
ਹੈ ਕੌਮ ਡੁਬਦੀ ਜਾ ਰਹੀ, ਤਦਬੀਰ ਕਰ ਲਓ ਕੌਮ ਦੀ।
ਨੀਲੇ ਦੇ ਸ਼ਾਹ ਸਵਾਰ ਨੇ, ਜੋ ਬਾਗ ਲਾਇਆ ਸੀ ਕਦੇ।
ਪਾ ਰੱਤ ਆਪਣੇ ਬਾਪ ਦੀ, ਪਾਣੀ ਲਗਾਇਆ ਸੀ ਕਦੇ।
ਇਹ ਕੀ ਚੁਫੇਰੇ ਹੋ ਰਿਹਾ ਕਿ ਉਹ ਚਮਨ ਵੀਰਾਨ ਹੈ।
ਕਲੀਆਂ ਦੇ ਹਾਸੇ ਕਿਰ ਗਏ ਫੁੱਲਾਂ 'ਤੋਂ ਉਡੀ ਸ਼ਾਨ ਹੈ।
ਨੇ ਬੁਲਬੁਲਾਂ ਅੱਜ ਰੋਂਦੀਆਂ ਕੋਈ ਗੀਤ ਹੋਠੋਂ ਕਿਰ ਗਿਆ
ਪਤਝੜ ਦਾ ਹੂੰਝਾ ਫਿਰ ਗਿਆ ਰੰਗਾਂ ਦਾ ਮੌਸਮ ਤੁਰ ਗਿਆ
ਜਾਂ ਮਹਿਲ ਨੀਹਾਂ ਜਿਸ ਦੀਆਂ ਵਿੱਚ ਕੁਟੀਆਂ ਸਨ ਹੱਡੀਆਂ।
ਗਾਰਾ ਸੀ ਲਾਇਆ ਮਿੱਝ ਦਾ, ਸੀਸ ਇੱਟਾਂ ਜੋੜੀਆਂ।
ਇਸ ਮਹਿਲ ਦੀ ਉਹ ਸ਼ਾਨ ਨਾ ਅਫਸੋਸ ਹੈ, ਅਫਸੋਸ ਹੈ!
ਸਾਨੂੰ ਨਾ ਕੋਈ ਹੋਸ਼ ਹੈ, ਸਾਡਾ ਹੀ ਸਾਰਾ ਦੋਸ਼ ਹੈ।
ਸਿੱਖੀ ਦਾ ਸੁੰਦਰ ਮਹਿਲ ਇਹ ਇਕ ਸਧਰ ਹੈ ਗੋਬਿੰਦ ਦੀ
ਇਸ ਘਰ ਨੂੰ ਰਲਕੇ ਸਾਂਭ ਲਓ ਏ ਕਦਰ ਹੈ ਗੋਬਿੰਦ ਦੀ
ਪਰ ਯਾਦ ਕਰਕੇ ਦੋਸਤੋ, ਉਸ ਹੱਕ, ਹੱਕ ਅਦੇਸ਼ ਨੂੰ!
ਉਸ ਨਾਸਰੋ-ਮਨਸੂਰ ਨੂੰ, ਉਸ ਬਾਦਸ਼ਾਹ ਦਰਵੇਸ਼ ਨੂੰ!
ਦੱਸੋ ਜੋ ਉਸਨੇ ਸੌਂਪਿਆ, ਕਿੰਨਾ ਕੁ ਨਿਭਿਆ ਫਰਜ਼ ਹੈ?
ਉਸ ਸ਼ਹਿਨਸ਼ਾਹ ਦਾ ਸਿਰਾਂ ਤੋਂ ਕਿੰਨਾ ਕੁ ਲੱਥਾ ਕਰਜ਼ ਹੈ?
ਹੈ ਜਾਣਦੇ ਕਿ ਜਬਰ ਲਈ ਤਲਵਾਰ ਫੜਦੈ ਖ਼ਾਲਸਾ?
ਮਜ਼ਲੂਮਾਂ ਦਾ ਪਰ ਯਾਰ ਬਣ ਅੱਗੇ ਹੋ ਲੜਦੈ ਖ਼ਾਲਸਾ?

ਦੁਸ਼ਮਣਾਂ ਨੂੰ ਜੰਗ ਵਿੱਚ ਜੋ ਮਾਤ ਪਾਉਂਦੈ ਖ਼ਾਲਸਾ।
ਮਰ੍ਹਮ ਵੀ ਲਾਉਂਦੈ ਖ਼ਾਲਸਾ ਤੇ ਜਲ ਛਕਾਉਂਦੈ ਖਾਲਸਾ।
ਵੈਰੀ ਨਾਲ ਦਿਨ ਭਰ ਜੂਝਦੈ ਗੋਬਿੰਦ ਦਾ ਇਹ ਮਨਚਲਾ।
ਅਰਦਾਸ ਵਿਚ ਪਰ ਸ਼ਾਮ ਨੂੰ ਉਸਦਾ ਵੀ ਮੰਗਦਾ ਹੈ ਭਲਾ।
ਪਰ ਖ਼ਾਲਸਾ ਜੀ ਦੱਸਿਓ ਕਿੰਨੀ ਕੁ ਸਾਡੀ ਸ਼ਾਨ ਹੈ?
ਕਿੰਨਾ ਕੁ ਉਸ ਦਰਬਾਰ ਵਿਚ ਅੱਜ ਖ਼ਾਲਸਾ ਪਰਵਾਨ ਹੈ?
ਬਾਬੇ ਬਕਾਲੇ ਵਾਂਗ ਫਿਰ ਵੈਰੀ ਲਗਾਉਂਦੇ ਮੰਜੀਆਂ।
ਤੇ ਖ਼ਾਲਸਾ ਪਰਿਵਾਰ ਵਿਚ ਫਿਰ ਪੈ ਗਈਆਂ ਨੇ ਵੰਡੀਆਂ।
ਰਣਜੀਤ ਸੀ ਜੋ ਜਿੱਤਦਾ, ਅੱਜ ਜਿੱਤਕੇ ਵੀ ਹਾਰਿਐ।
ਤੇ ਖ਼ਾਲਸਾ ਦਰਬਾਰ ਨੂੰ ਖੁਦਗਰਜ਼ੀਆਂ ਨੇ ਮਾਰਿਐ।
ਤਾਰੀਫ ਦਿਆਲਾ ਦੇਗ 'ਚੋਂ ਅੱਜ ਤੁਸਾਂ ਨੂੰ ਵੰਗਾਰਦੈ।
ਹੱਸਿਆ ਜੋ ਚੜ੍ਹਕੇ ਚਰਖੜੀ ਸ਼ਾਹਬਾਜ਼ ਤੁੰਬਾਂ ਮਾਰਦੈ।
ਜੋਰਾਵਰ ਤੇ ਫ਼ਤਹਿ ਨੇ ਲਲਕਾਰਿਐ ਸਰਹਿੰਦ 'ਚੋਂ।
ਆਵਾਜ਼ ਕੀ ਹੈ ਆ ਰਹੀ, ਸੁਣਿਓਂ ਖਾਂ ਖ਼ੂਨੀ ਕੰਧ 'ਚੋਂ।
ਅਜੀਤ ਤੇ ਜੁਝਾਰ ਨੇ ਇਕ ਘੱਲਿਆ ਪੈਗ਼ਾਮ ਹੈ।
ਇਹ ਹੈ ਮੁਖ਼ਾਤਿਬ ਤੁਸਾਂ ਨੂੰ ਇਹ ਖ਼ਾਲਸੇ ਦੇ ਨਾਮ ਹੈ।
ਕਿ ਦੀਪ ਸਿੰਘ ਦੀਪ ਅੱਜ, ਫੇਰ ਬੁਝਦਾ ਜਾ ਰਿਹੈ।
ਕੁਝ ਰੱਤ ਪਾਇਓ ਆਪਣੀ, ਕਿ ਤੇਲ ਮੁਕਦਾ ਜਾ ਰਿਹੈ।
ਸ਼ਾਮ ਸਿੰਘ ਦੀ ਕੌਮ ਤੇ ਸ਼ਾਮ ਪੈ ਜਾਏ ਕਿਉਂ ਭਲਾ?
ਸੰਭਲੋ ਨਿਸ਼ਾਨਾ ਵਾਲਿਓ! ਆਉਂਦਾ ਹੈ ਕੋਈ ਜਲਜ਼ਲਾ!
ਜਾਗੋ ਸਰਾਤੇ ਸੁਤਿਓ, ਜਾਗੋ ਐ ਉੱਧਮ ਦੂਲਿਓ।
ਅੱਜ ਪੰਥ ਢਿਲਾ ਹੋ ਗਿਐ ਮੁੜਕੇ ਜਗਾਇਓ ਦੂਲਿਓ।
ਓਏ ਮਹਾਂ ਸਿੰਘ ਦੇ ਮਹਿਰਮੋ; ਹਾੜ੍ਹਾ ਬੇਦਾਵਾ ਲਿਖੋ ਨਾ।
ਜ਼ਿੰਦਗੀ ਦੇ ਆਸ਼ਕੋ! ਇੰਝ ਮੌਤ ਅੱਗੇ ਝੁਕੋ ਨਾ !!
ਸੌਗੰਧ ਹੈ ਅਜੀਤ ਦੀ, ਸੌਗੰਧ ਹੈ ਜੁਝਾਰ ਦੀ।
ਨੀਲੇ ਦੇ ਸ਼ਾਹ ਸਵਾਰ ਦੀ, ਓਸ ਦੇ ਦਰਬਾਰ ਦੀ।
ਸੌਗੰਧ ਹੈ ਚਮਕੌਰ ਦੀ, ਸੌਗੰਧ ਹੈ ਸਰਹਿੰਦ ਦੀ।
ਸੌਗੰਧ ਹੈ ਜਮਰੌਦ ਦੀ, ਸੌਗੰਧ ਹੈ ਅਨੰਦ ਦੀ।

→

ਜੇ ਰੱਖਣੈ ਇਸ ਚਮਨ ਨੂੰ ਇਹ ਪ੍ਰਣ ਕਰੀਏ ਦੋਸਤੋ!
ਜੀਵੀਏ ਇਸ ਚਮਨ ਲਈ, ਇਸ ਲਈ ਮਰੀਏ ਦੋਸਤੋ!

## ਧਮਾਕਾ

(ਉੱਜਲ ਦੋਸਾਂਝ-VANCOUVER)

ਭਾਰਤ 'ਚੋਂ
ਖ਼ਬਰ ਆਈ ਏ -
'ਅਮਨ ਦਿਆਂ "ਇੰਦਰਾਂ" ਨੇ
ਧਮਾਕੂ-ਧਮਾਕੇ 'ਚੋਂ ਚੁੱਪ ਭਾਲੀ ਹੈ'...

ਐ ਹਮਵਤਨੋਂ!
ਤੋੜੋ ਇਸ ਚੁੱਪ ਨੂੰ
ਇੱਕ ਖ਼ੂਨ-ਰੰਗੀ ਖ਼ਬਰ ਲਿਖ ਭੇਜੋ-
ਇਹ ਧਮਾਕਾ
ਆਉਣ ਵਾਲੇ ਲੋਕ-ਧਮਾਕੇ ਦਾ ਸੂਚਕ ਹੈ !!

## "ਇਸ਼ਕ-ਮੁਸ਼ਕ"

(ਸੁਰਦੇਵ ਜਟਾਣਾ-PRINCE RUPERT)

"ਇਸ਼ਕ-ਮੁਸ਼ਕ" ਦੇ ਕਿੱਸੇ ਛੱਡਕੇ,
ਗੱਲ ਨਵੀਂ ਕੋਈ ਛੋਹੀਏ ਯਾਰੋ!
ਹੋ ਚੁੱਕੀ ਤੇ ਮਿੱਟੀ ਪਾਈਏ,
ਅੱਜ ਦੇ ਰੋਣੇ ਰੋਈਏ ਯਾਰੋ!
"ਇਸ਼ਕ-ਮੁਸ਼ਕ" ਕੋਈ ਮਸਲਾ ਤਾਂ ਨਹੀਂ,
ਇਹ ਤਾਂ ਚੋਜ ਅਮੀਰੀ ਵਾਲਾ।
ਆਓ! ਪਹਿਲਾਂ 'ਰੋਟੀ' ਜਿੱਤੀਏ,
ਬਹੁਤ ਫੇਰ ਲਈ ਹੁਣ ਤੱਕ ਮਾਲਾ।
ਸਮੇਂ ਦੀਆਂ ਲਲਕਾਰਾਂ ਸੁਣੀਏ,
ਪਾਈਏ ਮੰਜ਼ਲ ਹਿੰਮਤ ਕਰਕੇ!
ਵਿਹਲੇ ਹੋ ਕੁਝ ਹੋਰ ਕਰਾਂਗੇ,
ਜਦੋਂ ਖਾਵਾਂਗੇ ਸਭ ਢਿੱਡ ਭਰਕੇ!

## ਰਿਜ਼ਕ ਧੁਰੋਂ
('ਸੂਫ਼ੀ' ਅਮਰਜੀਤ ਬੱਸੀਆਂ)

ਮੰਦਰ ਦਾ ਘੰਟਾ ਵੱਜਦਾ ਹੈ
ਸ਼ਰਧਾਲੂ ਆ ਕੇ ਜੁੜਦੇ ਹਨ
ਟੱਲੀਆਂ ਦਾ ਖੜਕਾ ਹੁੰਦਾ ਹੈ
ਆ ਆ ਕੇ ਮੱਥੇ ਝੁਕਦੇ ਹਨ
'ਤੇ ਫੇਰ ਆਰਤੀ ਹੁੰਦੀ ਹੈ—
"ਓਮ ਜੈ ਜਗਦੀਸ਼ ਹਰੇ
........ਦੁਖ ਵਿਨਸੇ ਮਨ ਕਾ
ਸੁੱਖ ਸੰਪਤੀ ਘਰ ਆਵੇ
ਕਸ਼ਟ ਮਿਟੇ ਤਨ ਕਾ।
ਸੁਆਮੀ ਜੈ ਜਗਦੀਸ਼ ਹਰੇ।"
ਅੱਖਾਂ ਅਖ਼ਬਾਰ ਤੇ ਫਿਰ ਰਹੀਆਂ
ਸੋਚਾਂ ਨੂੰ ਸੋਚਾਂ ਪਈਆਂ ਹਨ
ਜੋ ਭੁੱਖ ਸੰਗ ਮੌਤਾਂ ਹੋਈਆਂ ਹਨ
ਗਿਣਤੀ ਟੱਪ ਗਈ ਹਜ਼ਾਰਾਂ ਨੂੰ
ਹੈ ਤੋੜਾ ਕਣਕ ਤੇ ਚੌਲਾਂ ਦਾ
ਹੈ ਵੇਲਾ ਭੁੱਖੇ ਮਰਨੇ ਦਾ
ਹੈ ਵੇਲ੍ਹਾ ਪੈਸੇ ਵੱਟਣ ਦਾ
ਚਾਅ ਚੜ੍ਹਿਆ ਅੰਨ-ਕੁਬੇਰਾਂ ਨੂੰ
ਮਨ ਚਾਹੇ ਭਾਅ ਤੇ ਵੇਚਾਂਗੇ
ਚਾਂਦੀ ਹੀ ਚਾਂਦੀ ਹੋ ਗਈ ਹੈ
ਹਈ ਵੇਲ੍ਹਾ ਬਖਸ਼ਿਆ 'ਦਾਤੇ' ਨੇ।
ਫਿਰ ਦੂਜੇ ਪਾਸੇ ਸੁਣਿਆ ਜਾਂ
ਤੇ ਚੋਟ ਦਮਾਮੇ ਵੱਜੀ ਆ
ਭਾਈ ਜੀ 'ਕਥਾ' ਸੁਣਾਂਦੇ ਨੇ
ਭਾਣੇ ਦਾ ਸਬਕ ਸਿਖਾਂਦੇ ਨੇ
ਗੁਰ ਆਪੇ ਪੈਜ ਸੰਵਾਰੇਗਾ
ਕਿ "ਸੈਲ ਪੱਥਰ ਮੈ ਜੰਤ ਉਪਾਏ
ਤਾ ਕਾ ਰਿਜ਼ਕ ਆਗੇ ਕਰ ਧਰਿਆ।
ਸਿਰ ਸਿਰ ਰਿਜ਼ਕ ਸੰਬਾਹੇ ਠਾਕਰ
ਕਾਹੇ ਮਨ ਭਉ ਕਰਿਆ" ਹੈ।
"ਭੁੱਖਾਂ ਨਾਲ ਦੇਖੋ ਮਰਦੇ ਹਨ
ਪਰ ਨਾਮ ਕਦੇ ਵੀ ਜਪਦੇ ਨਹੀਂ
ਅਣਮੁੱਲੇ ਹੀਰੇ ਜੀਵਨ ਨੂੰ
ਬਿਰਥਾ ਹੀ ਪਏ ਗੁਆਂਦੇ ਹਨ
ਪਏ ਭੁਗਤਣ ਕੀਤੇ ਪਾਪਾਂ ਨੂੰ
ਜੋ ਕੀਤੇ ਪਿਛਲੇ ਜਨਮ ਸਮੇਂ"
ਇਉਂ ਮਹਾਂਪੁਰਖ ਫੁਰਮਾਂਦੇ ਹਨ
ਭਾਈ ਜੀ 'ਰਿਜ਼ਕ ਧੁਰੋਂ' ਕਹਿੰਦੇ
ਜਨਤਾ ਹੈ ਭੁੱਖ ਦੇ ਨਾਲ ਮਰੇ
ਪੰਡਤ ਜੀ ਕਰਦੇ ਆਰਤੀਆਂ !

---

## ਦੋਨੋਂ ਬੁੱਧੂ
(ਅਜਮੇਰ ਸਿੰਘ ਰੋਡੇ)

ਸੁੱਚਾ ਜੱਟ ਤੇ ਆਈਨਸਟਾਈਨ
ਦੋਨੋਂ ਸਕੇ ਭਰਾ।
ਤੜਕਸਾਰ ਉੱਠ ਸੁੱਚਾ ਜੱਟ ਤਾਂ
ਖੇਤਾਂ ਦੇ ਵਿਚ ਜਾਵੇ।
ਠੰਡੀ ਰਿਵੀ 'ਚ, ਸਿਖ਼ਰ ਦੁਪਹਿਰੇ,
ਮਿੱਟੀ ਦੇ ਵਿਚ ਮਿੱਟੀ ਬਣ ਕੇ
ਡੰਗਰਾਂ ਦੇ ਵਿਚ ਡੰਗਰ ਹੋ ਕੇ
ਤਕੜੇ ਸੋਤੇ ਘਰ ਨੂੰ ਆਵੇ।
ਜਾਂ ਫਿਰ ਵਿਚ ਸ਼ਿਕਾਗੋ, ਦਿੱਲੀ, ਲੰਡਨ
ਭੱਠੀਆਂ ਅਗੇ ਪਿੰਡਾ ਡਾਹਵੇ,
ਮਿੱਲਾਂ ਦੇ ਵਿਚ ਬੂਰਾ ਫੱਕੇ
ਵਾਂਗ ਮਸ਼ੀਨਾਂ ਜੂਨ ਹੰਡਾਵੇ।
ਪਰ ਉਸਦੀ ਹੱਡ-ਭੰਨਵੀਂ ਮਿਹਨਤ
ਅਰਥ ਕਿਸੇ ਨ ਆਵੇ।
ਦਿਨ-ਦਿਹਾੜੇ ਰਾਤ-ਬਰਾਤੇ
ਚੋਰ ਕਿਤੋਂ ਕੋਈ ਆਵੇ
ਉਸਦੀ ਸਾਰੀ ਮਿਹਨਤ ਦਾ ਫੱਲ
ਬੋਝੇ ਪਾ ਤੁਰ ਜਾਵੇ।
ਸੁੱਚੇ ਦੇ ਗਲ ਪਾਟਿਆ ਝੱਗਾ
ਅੱਧ-ਭੁੱਖਾ ਸੌਂ ਜਾਵੇ।
ਸੁੱਚਾ ਜੱਟ ਤੇ ਆਈਨਸਟਾਈਨ
ਦੋਨੋਂ ਸਕੇ ਭਰਾ।
ਆਈਨਸਟਾਈਨ—ਇਕ ਵਿਗਿਆਨੀ
ਗੂੜ੍ਹ ਤਪੱਸਿਆ ਕਰਦਾ
ਜੀਵਨ ਦਾ ਸੁੱਖ ਸੋਹਜ ਲਭਣ ਲਈ
ਡੂੰਘੀਆਂ ਖੋਜਾਂ ਕਰਦਾ
ਤਾਂ ਜੋ ਮੁਕੇ ਭੁੱਖ ਹਨੇਰਾ
ਸੁੱਚੇ ਵੀਰ ਦੇ ਘਰ ਦਾ।
ਪਰ ਜਦ ਵੀ ਉਹ ਅੱਖਾਂ ਮੀਟੀ
ਅੰਤਰ-ਧਿਆਨ ਹੋ ਜਾਵੇ
ਚਤਰ ਚੋਰ ਫਿਰ ਚੁਪਕੇ ਚੁਪਕੇ
ਘਰ ਉਨ੍ਹਾਂ ਦੇ ਆਵੇ
ਉਸ ਦੀ ਸਾਰੀ ਮਿਹਨਤ ਦਾ ਫੱਲ
ਬੋਝੇ ਪਾ ਤੁਰ ਜਾਵੇ
ਆਪਣੇ ਲਈ ਸਭ ਸੁੱਖ ਦੁਨੀਆਂ ਦੇ
ਚੋਰੀ 'ਚੋਂ ਉਪਜਾਵੇ।
ਪਰ ਸੁੱਚੇ ਲਈ ਬੰਬ ਨ ਬੰਦੂਕਾਂ
ਲੱਖਾਂ ਮਣਾਂ ਬਣਾਵੇ।
ਆਈਨਸਟਾਈਨ ਦੀ ਰੂਹ ਪਾਟੇ
ਲੀਰ ਲੀਰ ਹੋ ਜਾਵੇ !
ਸੁੱਚਾ ਜੱਟ ਤੇ ਆਈਨਸਟਾਈਨ
ਦੋਨੋਂ ਸਕੇ ਭਰਾ।
ਦੋਨੋਂ ਬੁੱਧੂ !!
ਹੁਣ ਅੱਖਾਂ ਵਿਚ ਲਾਲੀ ਭਰ ਕੇ
ਸੋਚ ਰਹੇ ਨੇ......
ਚੋਰ ਅਜੇ ਵੀ ਘਰ ਦੇ ਅੰਦਰ
ਕਿਧਰੇ ਲੁਕਿਆ
ਗੁੱਝੀ ਹਾਸੀ ਹੱਸ ਰਿਹਾ ਹੈ।

## ਗ਼ਜ਼ਲ
(ਗਿੱਲ ਮੋਰਾਂਵਾਲੀ)

ਖਾਲੀ ਖਾਲੀ ਦਿਨ ਹੈ,
ਸੁਨੀ ਸੁਨੀ ਰਾਤ ਹੈ।
ਹੁਸਨ ਦੀ ਹੈ ਕਹਾਣੀ
ਮੁਹੱਬਤ ਦੀ ਬਾਤ ਹੈ।

ਉਠਾ ਕੇ ਤਲੀ ਤੇ
ਮੱਘਦੇ ਅੰਗਿਆਰ ਨੂੰ—
ਹਨੇਰੇ 'ਚ ਭਟਕਦੀ
ਸਾਰੀ ਕਾਇਨਾਤ ਹੈ।

ਸ਼ੋਭਾ ਕਿਸੇ ਦੇ ਪੱਲੇ
ਬਦਨਾਮੀ ਕਿਸੇ ਦੇ ਹਿੱਸੇ—
ਹੰਝੂਆਂ ਤੇ ਹਾਉਕਿਆਂ ਦੀ
ਪਾਈ ਕਿਸੇ ਸੁਗਾਤ ਹੈ।

ਘਬਰਾ ਕੇ ਤੂਫ਼ਾਨ ਨੇ
ਰੁਖ ਨੂੰ ਬਦਲ ਲਿਆ—
ਕਜਲੇ ਦੀ ਥਾਂ ਤੇ
ਨੈਣਾਂ 'ਚ ਬਰਸਾਤ ਹੈ।

ਕੁਝ ਪਤਾ ਨਹੀਂ
ਕਦ ਉਸਦੀ ਛੁਹ ਮਿਲੇ—
ਦਿਲ ਦੇ ਦਰਦ ਦੀ
ਅਜ ਫਿਰ ਮੁਲਾਕਾਤ ਹੈ।

---

ਰਚਨਾਵਾਂ ਤੇ ਸੁਝਾ ਭੇਜਣ ਦਾ ਪਤਾ :
**'ਵਤਨੋਂ ਦੂਰ'**
P. O. BOX 1041
Coquitlam, B. C. Canada

## ਪੁਕਾਰ
(ਗੁਰਮੀਤ ਛੀਨਾਂ)

ਨਾ ਵੰਡਾਏ ਦਰਦ ਦਿਲਾਂ ਦਾ, ਕੀ ਕਰਾਂ ਮੈਂ ਪਿਆਰ ਨੂੰ।
ਮੌਤ ਚੁੱਕੀ ਜਾ ਰਹੀ ਹੈ, ਜ਼ਿੰਦਗੀ ਦੇ ਭਾਰ ਨੂੰ।
ਲਹੂ-ਭਿੱਜੇ ਹੱਥ ਨੇ, ਕੋਈ ਫੁੱਲ ਤੋੜਨ ਜਾ ਰਿਹੈ,
ਪੋਟਿਆਂ ਵਿੱਚ ਅੱਗ ਹੈ, ਫੂਕ ਰਿਹੈ ਦਿਲਦਾਰ ਨੂੰ।
ਮੈਂ ਸਾਂ ਬੇ-ਹੋਸ਼, ਮੌਕਾ ਤਾੜਿਆ ਏ ਦੁਸ਼ਮਣਾ
ਲੈ ਟੁਰੇ ਸ਼ਮਸ਼ਾਨ ਵਲ, ਉਹ ਜਾਣ ਕੇ ਬਿਮਾਰ ਨੂੰ।

●

## ਗ਼ਜ਼ਲ
(ਦਰਸ਼ਨ ਗਿੱਲ)

ਕਿਥੇ ਗਈਆਂ ਯਾਰੋ ਰਾਤਾਂ ਬੀਤੀਆਂ।
ਗੱਲਾਂ ਰਹੀਆਂ ਆਪਣੀਆਂ ਅਣਕੀਤੀਆਂ।

ਇਕੋ ਸੁਪਨਾ ਸੀ ਜੋ ਸਭ ਦੇ ਮਨ ਸੀ,
ਉਸ ਸੁਪਨੇ ਦੇ ਨਾਲ ਕੀ' ਕੀ ਬੀਤੀਆਂ ?

ਇੱਕ ਆਸ ਦੀ ਚਾਦਰ ਆਪਾਂ ਓੜ੍ਹੀ ਸੀ,
ਅੱਜ ਹੋਣੀ ਨੇ ਲੀਰਾਂ ਲੀਰਾਂ ਕੀਤੀਆਂ।

ਕਿਰਨਾਂ ਸਨ ਜੋ ਦਿਸਦੀਆਂ ਪਰਤੀਤ ਦੀਆਂ,
ਕਿਦਾਂ ਬਣੀਆਂ ਉਹ ਬੇ-ਪਰਤੀਤੀਆਂ !

ਇਸ਼ਕਾਂ ਦਾ ਹੀ ਧਾਗਾ ਧੋਖਾ ਦੇ ਗਿਆ,
ਰਹਿ ਗਈਆਂ ਸਭ ਸਧਰਾਂ ਹੀ ਅਣਸੀਤੀਆਂ।

●

## ਖ਼ਿਆਲ
(ਗੁਰਮੀਤ ਛੀਨਾਂ)

ਮੇਰੇ ਉਥੋਂ ਚਲ ਆਉਣ ਤੋਂ ਬਾਦ
ਉਹ ਮੁਹੱਬਤ ਦਾ ਨਾਟਕ ਖੇਲਣ ਵਾਲੇ।
ਰੰਗਾਂ 'ਚ ਹੋਣਗੇ ਨਹਾਉਂਦੇ,
ਮਾਸੂਮਾਂ ਦਾ ਦਿਲ ਤੋੜਣ ਵਾਲੇ।
ਪਰ......
ਮੈਂ ਬੇਵਕੂਫ ਬਰਾਬਰ ਵਫ਼ਾਦਾਰੀ ਤੋਲ ਰਹੀ ਹਾਂ।

●

## ਗ਼ਮਗੀਨ ਯਾਦ
(ਐਸ. ਤੰਡਾਲ ਕਨੇਰਵੀ)

ਟੁੱਟੇ ਦਿਲ ਦਿਆਂ ਅਰਸ਼ਾਂ ਚੋਂ ਸੱਧਰਾਂ ਦੇ ਤਾਰੇ,
ਹੁਣ ਤੇ ਬੁਝੀਆਂ ਤ੍ਰਿਸ਼ਨਾ ਦੀ ਰੀਤ ਰਹਿ ਗਈ।
ਕਾਲੀ ਨ੍ਹੇਰੀ ਰਾਤ ਵਿਚ ਉੱਲੂਆਂ ਦੀ ਕੀਕ ਵਾਂਗ,
ਰੋਂਦੀ ਕੁਰਲਾਂਦੀ ਮੇਰੀ ਨੀਤ ਰਹਿ ਗਈ।
ਭਜ ਗਈ ਕਿਉਂ ਬੇ-ਵਫ਼ਾ ਦੀ ਖਾਈ ਵਿਚ ਧੱਕਾ ਦੇ ਕੇ,
ਧੜਕਣ ਕਰਦੀ ਹੀ ਮੀਤ ਹਾਏ ! ਮੀਤ ਰਹਿ ਗਈ।
ਅੱਗੇ ਹੱਸ ਕੇ ਬੁਲਾਉਣਾ, ਹੁਣ ਪਾਸਾ ਵਟ ਲੈਣਾ।
ਦੱਸ ਕਾਸਦੀ ਇਹ ਤੇਰੀ ਨੀ ਪ੍ਰੀਤ ਰਹਿ ਗਈ।
ਭੰਨ ਗਈ ਕਿਉਂ ਦਿਲ ਮੇਰਾ ਮਾਰ ਕੇ ਦੁਹੱਥੜੀ,
ਮੇਰੀ ਆਸ ਭਰੀ ਨਿਗਾਹ ਭੈ-ਭੀਤ ਰਹਿ ਗਈ।
ਉੱਡ ਗਈਆਂ ਖੰਭ ਲਾ ਕੇ ਉਹ ਬਹਾਰਾਂ ਹੁਣ,
ਪਤਝੜ੍ਹ ਚੁਪੱਤਾ ਤੇ ਸੁੰਨਤਾ ਵੀ ਬੀਤ ਰਹਿ ਗਈ।
ਤੇਰੇ ਵਾਅਦਿਆਂ ਦੀ ਤਿੱਖੀ ਤਿੱਖੀ ਧਾਰ ਉਤੋਂ,
ਮੇਰੇ ਦਿਲ ਉਤੇ ਇਕ ਜ਼ਖ਼ਮੀ ਝਰੀਟ ਰਹਿ ਗਈ।
ਕੂੰਜਾਂ ਦੀ ਕੁਰਲਾਹਟ ਜਾਂ ਸੁੱਕੇ ਖੜ੍ਹਕਦੇ ਪੱਤਰਾਂ ਵਾਂਗ,
ਬਣ ਕੇ ਯਾਦ ਤੇਰੀ ਦਿਲ ਉਤੇ ਟੁਟਾ ਗੀਤ ਰਹਿ ਗਈ।

●

## ਗ਼ਜ਼ਲ
(ਕੇਵਲ ਸਿੰਘ ਰੰਧਾਵਾ)

ਹੱਡ-ਬੀਤੀ ਮੇਰੀ ਸੁਣਨੇ ਲਈ, ਤੇਰਾ ਹੁੰਗਾਰਾ ਕਾਫੀ ਸੀ।
ਸਾਂਭਣ ਲਈ ਮੇਰੇ ਦਿਲ ਦੀ ਦੌਲਤ, ਤੂੰ ਹੀ ਯਾਰਾ ਕਾਫੀ ਸੀ।

ਦੁਨੀਆਂ ਜਾਂਦੀ ਤਾਂ ਜਾਂਦੀ ਰਹੇ, ਮੈਂ ਕਾਬੇ ਜਾ ਕੇ ਕੀ ਕਰਨਾ,
ਮੁਕਤੀ ਮੇਰੀ ਲਈ ਸਜਣਾ, ਤੇਰਾ ਦੁਆਰਾ ਕਾਫੀ ਸੀ।

ਪੱਥਰਾਂ ਚੋਂ ਰੱਬ ਪਾਵਣ ਲਈ, ਕਿਉਂ ਮੰਦਰਾਂ ਵਿਚ ਕਰਾਂ ਸਿਜਦੇ,
ਰੱਬ ਨਾਲੋਂ ਦੂਣਾ ਜਦ ਤੇਰਾ, ਮੈਨੂੰ ਸਹਾਰਾ ਕਾਫੀ ਸੀ।

ਪਾ ਕੇ ਹੁਣ ਤੈਨੂੰ ਹੋਰ ਕਿਉਂ, ਖਾਹਸ਼ ਕਰਾਂ ਮੈਂ ਸੁਰਗਾਂ ਦੀ,
ਵੱਧ ਬਹਿਸ਼ਤਾਂ ਤੋਂ ਜਦ ਕਿ, ਤੇਰਾ ਨਜ਼ਾਰਾ ਕਾਫੀ ਸੀ।

ਲੱਤ ਮਾਰ ਕੇ ਤਖਤਾਂ ਨੂੰ, ਖ਼ਾਬ ਨਾ ਦੇਖੇ ਮਹਿਲਾਂ ਦੇ,
ਟੁੱਟੀ ਫੁੱਟੀ ਕੁੱਲੀ ਤੇ, ਕੱਖਾਂ ਦਾ ਢਾਰਾ ਕਾਫੀ ਸੀ।

ਹੋ ਗਿਆ ਭਾਵੇਂ ਚਾਰੇ ਪਾਸੀਂ, ਚਰਚਾ ਸੀ ਬਰਬਾਦੀ ਦਾ,
ਸਮੇਂ ਮੁਤਾਬਕ ਜੀਣੇ ਲਈ, ਆਪਣਾ ਗੁਜ਼ਾਰਾ ਕਾਫੀ ਸੀ।

ਦੁਨੀਆਂ ਵਿਚ ਯੂਸਫ਼, ਸ਼ਾਹਬਹਿਰਾਮ, ਹੋਰ ਅਨੇਕਾਂ ਸੁਹਣੇ ਸਨ,
ਪਰ ਮੈਂ ਨਜ਼ਰਾਂ ਤੇਰੀਆਂ ਵਿਚ, 'ਕੇਵਲ' ਹੀ ਨਕਾਰਾ ਕਾਫੀ ਸੀ।

# ਅਣਹੋਣੀ ਹਕੀਕਤ

(ਰਣਜੀਤ ਸਿੰਘ ਕਿੰਗਰਾ-MISSION CITY)

'ਇਨਕਲਾਬ ਜ਼ਿੰਦਾਬਾਦ' ਦੇ ਨਾਹਰਿਆਂ ਨਾਲ ਆਕਾਸ਼ ਗੂੰਜ ਰਿਹਾ ਸੀ। ਸ਼ਹਿਰ ਵਿਚੋਂ ਕੋਈ ਦੋ ਮੀਲ ਲੰਬਾ ਜਲੂਸ ਕੱਢਿਆ ਜਾ ਰਿਹਾ ਸੀ। ਇਸ ਜਲੂਸ ਵਿੱਚ ਮਜ਼ਦੂਰ, ਕਿਸਾਨ ਅਤੇ ਸਭ ਹੱਥੀਂ ਕੰਮ ਕਰਨ ਵਾਲੇ ਕਾਮੇ ਸ਼ਾਮਲ ਸਨ। ਇਹ ਜਲੂਸ ਪੁਲੀਸ ਵਿਚਕਾਰ ਵਧ ਰਹੀ ਗੁੰਡਾਗਰਦੀ ਵਿਰੁੱਧ ਕੱਢਿਆ ਜਾ ਰਿਹਾ ਸੀ—ਸਰਕਾਰ ਦੇ ਜ਼ੁਲਮਾਂ ਵਿਰੁੱਧ, ਜੋ ਲੋਕਾਂ ਤੇ ਢਾਏ ਜਾਂਦੇ ਹਨ। ਲਿਖਾਰੀ ਜੋ ਜੇਹਲਾਂ ਵਿੱਚ ਡਕ ਦਿਤੇ ਜਾਂਦੇ ਹਨ ਅਤੇ ਉਹਨਾਂ ਨਿਹੱਥੇ ਮਜ਼ਲੂਮਾਂ ਦਾ ਗਿਲਾ ਪੇਸ਼ ਕਰਦਾ ਸੀ। ਇਹ ਜਲੂਸ ਜਿਨ੍ਹਾਂ ਦੀਆਂ ਇੱਜ਼ਤਾਂ ਉਹਨਾਂ ਦੇ ਸਾਹਮਣੇ ਦਿਨ ਦਿਹਾੜੇ ਲੁਟੀਆਂ ਜਾ ਰਹੀਆਂ ਸਨ। ਇਸ ਜਲੂਸ ਨੇ ਸਾਰੇ ਸ਼ਹਿਰ ਵਿੱਚ ਚਕਰ ਕਟਣਾ ਸੀ ਅਤੇ ਇਸ ਜਲੂਸ ਦਾ ਨੇਤਾ ਸਾਂ—ਮੈਂ।

ਇਹ ਸਾਫ ਜ਼ਾਹਿਰ ਸੀ ਕਿ ਇਹ ਜਲੂਸ ਸਰਕਾਰ ਵਿਰੁੱਧ ਕਢਿਆ ਜਾ ਰਿਹਾ ਸੀ ਅਤੇ ਸਰਕਾਰ ਤੋਂ ਆਪਣੇ ਹੱਕ ਮੰਗਣ ਲਈ ਕਢਿਆ ਜਾ ਰਿਹਾ ਸੀ। ਸਰਕਾਰ ਨੂੰ ਇਹ ਕਿੱਦਾਂ ਚੰਗਾ ਲਗ ਸਕਦਾ ਸੀ। ਪੁਲੀਸ ਵੀ ਖਾਕੀ ਵਰਦੀਆਂ ਵਿਚ ਸਜੀ ਆਪਣੇ ਆਪ ਦੀ ਅਸਲੀਅਤ ਨੂੰ ਭੁੱਲ ਕੇ, ਕਿ ਅਸੀਂ ਵੀ ਇਹਨਾਂ ਮਜਦੂਰਾਂ ਕਿਸਾਨਾਂ ਦੇ ਹੀ ਬੱਚੇ ਹਾਂ, ਇਕੱਠ ਦੇ ਅੱਗੇ ਪਿਛੇ ਇੰਜ ਫਿਰਦੀ ਸੀ ਜਿਵੇਂ ਕੋਈ ਬਿੱਲੀ ਆਪਣਾ ਸ਼ਿਕਾਰ ਢੂੰਡ ਰਹੀ ਹੋਵੇ। ਸਭ ਤੋਂ ਵੱਧ ਸਨ ਸੀ. ਆਈ. ਡੀ. ਦੇ ਬੰਦੇ, ਜੋ ਕਿ ਥੋੜੀ ਜਿੰਨੀ ਪੇਸ਼ਗੀ ਬਦਲੇ ਆਪਣੇ ਹੀ ਗ਼ਰੀਬ ਭਰਾਵਾਂ ਨੂੰ ਸਰਕਾਰ ਦੇ ਹਵਾਲੇ ਕਰਨਾ ਚਾਹੁੰਦੇ ਸਨ।

"ਮਿਹਨਤ ਕਸ਼ੋ ਇਕ ਹੋ ਜਾਓ"

"ਮਜ਼ਦੂਰ ਕਿਸਾਨ ਜ਼ਿੰਦਾਬਾਦ"

ਤਰ੍ਹਾਂ ਤਰ੍ਹਾਂ ਦੇ ਨਾਹਰੇ ਲਗ ਰਹੇ ਸਨ। ਜੀਤੀ ਵੀ ਇਸ ਜਲੂਸ ਵਿੱਚ ਸ਼ਾਮਲ ਸੀ ਅਤੇ ਉਹ ਬੜੀ ਬਹਾਦਰੀ ਨਾਲ ਔਰਤਾਂ ਦੇ ਜੱਥੇ ਦੀ ਅਗਵਾਈ ਕਰ ਰਹੀ ਸੀ। ਜਲੂਸ ਨੇ ਪ੍ਰਧਾਨ ਮੰਤ੍ਰੀ ਦੀ ਕੋਠੀ ਅਗੇ ਜਾਣਾ ਸੀ ਅਤੇ ਉਥੇ ਜਾ ਕੇ ਧਰਨਾ ਮਾਰਨਾ ਸੀ। ਸਾਨੂੰ ਉਥੇ ਜਾਣ ਤੋਂ ਵਰਜਿਆ ਗਿਆ, ਪਰ ਜਨਤਾ ਜੇ ਇਕ ਮੁੱਠ ਹੋਵੇ ਤਾਂ ਕੀ ਨਹੀਂ ਕਰ ਸਕਦੀ। ਗੁੱਸੇ ਦਾ ਇਹ ਹੜ੍ਹ ਆਪਣੇ ਨਿਸ਼ਚਿਤ ਟੀਚੇ ਤੇ ਪਹੁੰਚ ਚੁੱਕਿਆ ਸੀ। ਮੈਂ ਜਲੂਸ ਦਾ ਨੇਤਾ ਹੋਣ ਦੀ ਹੈਸੀਅਤ ਵਿਚ ਜਲੂਸ ਦੀਆਂ ਸਾਰੀਆਂ ਮੰਗਾਂ ਪੜ੍ਹ ਕੇ ਸੁਣਾ ਦਿੱਤੀਆਂ।

ਕੌੜਾ ਘੁੱਟ ਭਰ ਕੇ ਕੁਝ ਕੁ ਤਾਂ ਸਰਕਾਰ ਨੇ ਮਨਜ਼ੂਰ ਕਰ ਲਈਆਂ, ਪਰ ਬਾਕੀ ਦੀਆਂ ਮੰਗਾਂ ਰੱਦ ਕਰ ਦਿੱਤੀਆਂ। ਇਹ ਜਲੂਸ ਆਪਣੀਆਂ ਕੁਝ ਜ਼ਿਆਦਾ ਜ਼ਰੂਰੀ ਮੰਗਾਂ ਮਨਵਾ ਕੇ ਵਾਪਸ ਆ ਰਿਹਾ ਸੀ। ਮੇਰੇ ਗਲ ਵਿੱਚ ਫੁੱਲਾਂ ਦੇ ਹਾਰ ਪਾਏ ਗਏ ਸਨ ਅਤੇ ਮੈਂ ਮਾਣ ਨਾਲ ਚੌੜ੍ਹਾ ਹੋ ਹੋ ਕੇ ਤੁਰਦਾ ਸਾਂ। ਮੈਨੂੰ ਬੜੀ ਖੁਸ਼ੀ ਮਹਿਸੂਸ ਹੋ ਰਹੀ ਸੀ।

ਮੈਂ ਤੇ ਜੀਤੀ ਬਾਹਰ ਬਗੀਚੇ 'ਚ ਬੈਠੇ ਅੱਜ ਦੇ ਹੋਏ ਜਲੂਸ ਦੀ ਕਾਮਯਾਬੀ ਤੇ ਖੁਸ਼ੀ ਪ੍ਰਗਟ ਕਰ ਰਹੇ ਸਾਂ। ਸੂਰਜ ਦਰਖਤਾਂ ਪਿਛੋਂ ਆਪਣੀਆਂ ਆਖਰੀ ਕਿਰਨਾਂ ਉਤੇ ਵਿਛਾ ਰਿਹਾ ਸੀ, ਜਿਵੇਂ ਰਾਤ ਦੇ ਸਵਾਗਤ ਲਈ ਵਿਛਾਉਣੀ ਵਿਛਾ ਰਿਹਾ ਹੋਵੇ। ਅਚਾਨਕ ਪੁਲੀਸ ਦੇ ਚਾਰ ਸਿਪਾਹੀ ਅਤੇ ਇੱਕ ਥਾਣੇਦਾਰ ਸਾਡੇ ਕੋਲ ਆ ਗਏ। ਆਪਣੀ ਜੀਪ ਉਹ ਸੜਕ ਤੇ ਹੀ ਛੱਡ ਆਏ ਸਨ। ਮੈਨੂੰ ਦਸਿਆ ਗਿਆ ਕਿ ਮੇਰੇ ਉਤੇ ਕਤਲ ਦਾ ਕੇਸ ਦਰਜ ਹੋ ਚੁੱਕਿਆ ਹੈ। ਮੇਰੀਆਂ ਅੱਖਾਂ ਟੱਡੀਆਂ ਰਹਿ ਗਈਆਂ। ਜੀਤੀ ਨੇ ਜ਼ਿਦ ਕੀਤੀ ਕਿ ਉਹ ਵੀ ਨਾਲ ਚੱਲੇਗੀ। ਮੈਂ ਵਰਜਿਆ, ਪਰ ਉਹ ਨਾ ਮੰਨੀ।

ਇਕ ਉਜਾੜ ਵਿੱਚ, ਸ਼ਾਂ ਸ਼ਾਂ ਕਰਦੀ ਰਾਤ ਵਿੱਚ ਜੀਪ ਦੀਆਂ ਬਰੇਕਾਂ ਲਗਾਈਆਂ ਗਈਆਂ। ਮੈਨੂੰ ਇੱਕ ਦਰਖਤ ਨਾਲ ਉਹਨਾਂ ਨੇ ਨੂੜ ਦਿੱਤਾ। ਮੈਂ ਆਪਣਾ ਕਸੂਰ ਜਾਨਣਾ ਚਾਹਿਆ, ਪਰ ਉੱਤਰ ਮਿਲਿਆ ਕਿ ਧਰਮ ਰਾਜ ਹੀ ਮੈਨੂੰ ਮੇਰਾ ਕਸੂਰ ਦੱਸੇਗਾ। ਥਾਣੇਦਾਰ ਪਿਸਤੌਲ ਲਈ ਮੇਰੇ ਸਾਹਮਣੇ ਖੜਾ ਸੀ। ਕੁਝ ਸਿਪਾਹੀ ਪਰਾਂ ਜੀਤੀ ਦੀ ਬੇਪਤੀ ਕਰਨ ਦੀ ਕੋਸ਼ਸ਼ ਕਰ ਰਹੇ ਸਨ।

'ਠਾ-ਅ-ਹ।' ਦੀ ਅਵਾਜ਼ ਨਾਲ ਮੇਰੀਆਂ ਅੱਖਾਂ ਖੁੱਲ ਗਈਆਂ ਅਤੇ ਨਾਲ ਹੀ ਇੱਕ ਦਰਦ ਭਰੀ ਚੀਕ। ਮੇਰੀ ਰਜਾਈ ਅੱਧੀ ਮੰਜੇ ਤੋਂ ਭੁੰਜੇ ਡਿੱਗ ਚੁੱਕੀ ਸੀ। ਦੂਰੋਂ ਕਿਤਿਓਂ ਗਿਦੜਾਂ ਦੇ ਚੀਕਾਂ ਮਾਰਨ ਦੀ ਆਵਾਜ਼ ਸੁਣਾਈ ਦੇ ਰਹੀ ਸੀ, ਪਰ ਮੇਰੇ ਡੌਲਿਆਂ ਵਿਚ ਖੂਨ ਉਬਾਲੇ ਖਾ ਰਿਹਾ ਸੀ।

# ਪ੍ਰੈਜ਼ੀਡੈਂਟ ਦੀ ਚੋਣ

(ਦਰਸ਼ਨ ਬੈਂਸ-RICHMOND)

ਅੱਜ ਆਪਣੀ ਕਮਿਊਨਟੀ ਦੇ ਪ੍ਰੈਜ਼ੀਡੈਂਟ ਦੀ ਚੋਣ ਦਾ ਆਖਿਰੀ ਦਿਨ ਸੀ। ਹਾਲ ਵਿਚ ਬਹੁਤ ਭੀੜ ਸੀ ਤੇ ਲੋਕੀਂ ਬਹੁਤ ਹੀ ਉਤਾਵਲੇ ਸਨ ਕਿ ਨਵਾਂ ਪ੍ਰੈਜ਼ੀਡੈਂਟ ਕੌਣ ਬਣਦਾ ਹੈ। ਸਾਰੇ ਮੈਂਬਰ ਵਾਰੀ ੨ ਸਟੇਜ ਤੇ ਆ ਕੇ ਬੋਲਦੇ ਗਏ ਤੇ ਆਪਣਾ ਭਾਸ਼ਨ ਖਤਮ ਕਰਕੇ ਖੱਬੇ ਪਾਸੇ ਕਤਾਰ ਵਿਚ ਪਈਆਂ ਕੁਰਸੀਆਂ ਤੇ ਬੈਠਦੇ ਗਏ। ਸਾਰਿਆਂ ਨੇ ਲੋਕਾਂ ਨੂੰ ਆਪਣੇ ਭਾਸ਼ਨ ਵਿਚ ਇਹੀ ਜਿਤਾਇਆ ਕਿ ਉਹਨਾਂ ਦੀ ਭਲਾਈ ਵਿਚ ਉਹ ਤਨ ਮਨ ਵਾਰ ਦੇਣਗੇ।

ਆਖਿਰ ਦਸੌਂਧਾ ਸਿੰਘ ਦੀ ਵਾਰੀ ਵੀ ਆ ਗਈ। ਉਸ ਨੇ ਜ਼ੋਰ ਦੀ ਖੰਘੂਰਾ ਮਾਰ ਕੇ ਆਪਣਾ ਬੋਲ ਠੀਕ ਕੀਤਾ, ਤੇ ਫੇਰ ਉਚੀ ੨ ਬੋਲਣਾ ਸ਼ੁਰੂ ਕੀਤਾ :

"ਭਰਾਵੋ ਤੇ ਬੀਬੀਓ! ਤੁਹਾਨੂੰ ਸਾਰਿਆਂ ਨੂੰ ਪਤਾ ਹੀ ਹੈ ਕਿ ਪਿਛੇ (India 'ਚ) ਆਪਣੇ ਪਿੰਡ ਜਮਾਲ ਪੁਰ ਵਿਚ ਸਾਡੇ ਬਾਪੂ ਜੀ ਹਨ। ਉਹਨਾਂ ਦੀ ਜਾਗੀਰਦਾਰੀ ਕਈ ਪੀੜ੍ਹੀਆਂ ਤੋਂ ਹੀ ਚਲੀ ਆਉਂਦੀ ਰਹੀ ਹੈ, ਉਹਨਾਂ ਨੇ ਪਿੰਡ ਦੀ ਬਹੁਤ ਸੇਵਾ ਕੀਤੀ ਹੈ ਤੇ ਕਰਦੇ ਆ ਰਹੇ ਹਨ। ਤੇ ...ਏਥੇ (Canada) ਵੀ ਸਾਨੂੰ ਤਿੰਨਾਂ ਭਰਾਵਾਂ ਨੂੰ ਬਾਪੂ ਨੇ ਆਪਣੇ ਲੋਕਾਂ ਦੀ ਸੇਵਾ ਕਰਨ ਵਿਚ ਹਾਜ਼ਰ ਕੀਤਾ ਹੈ। ਸੋ ਮੈਂ ਇਹ ਤਨੋਂ ਮਨੋਂ ਵਾਇਦਾ ਕਰਦਾ ਹਾਂ ਕਿ ਜੋ ਵੀ ਮੈਂ ਕੰਮ ਕਰੂੰਗਾ, ਸਭ ਤੁਹਾਡੀ ਭਲਾਈ ਦੇ ਹੀ ਕਰਾਂਗਾ ਤੇ ਤੁਹਾਡੀ ਹਮੇਸ਼ਾਂ ਮਦਦ ਕਰਦਾ ਰਹੂੰਗਾ।

ਸੱਚ ਹਾਂ ਭਾਈ! ਔਹ ਬੜੇ ਗੁਰਦੁਆਰੇ ਨੂੰ ਆਪਾਂ ਨੇ ਬੀਬੀਆਂ ਨੂੰ ਪੜ੍ਹਾਈ ਕਰਵਾਉਣ ਲਈ ਵਰਤਣਾ ਹੈ, ਪਰ ਭੋਗ ਪੈਣ ਤੋਂ ਬਾਦ ਹੀ। ਬੀਬੀਆਂ ਨੂੰ ਚਾਹੀਦਾ ਨੇ ਕਿ ਭੋਗ ਪੈਣ ਵੇਲੇ ਨਿਆਣਿਆਂ ਨੂੰ ਚੁੱਪ ਕਰਵਾ ਲਿਆ ਕਰਨ। ਸਾਹੁਰੇ ਨਿਆਣੇ ਵੀ ਕਿਹੜਾ ਟਿਕਦੇ ਐ......

ਸੱਚ ਹਾਂ......ਕਲ ਮੈਂ ਸੁੱਪਰ ਬਾਲ੍ਹੂਆਂ (Super Value) ਸਟੋਰ ਵਿਚ ਗਿਆ, ਉਥੇ ਮੈਂ ਆਪਣੇ ਕਰੇਲੇ, ਭਿੰਡੀਆਂ ਤੇ ਫਲ੍ਹੀਆਂ ਪਈਆਂ ਦੇਖੀਆਂ, ਭਾਈ ਸੋਚੋ ਤਾਂ! ਆਪਣੇ ਪਿੰਡ ਵਿਚ ਕਿੰਨੇ ਫਲੀਆਂ ਦੇ ਕੋਠੇ ਭਰੇ ਰਹਿੰਦੇ ਸੀ, ਸਾਹੁਰੇ ਚੂਹੇ ਵੀ ਨਹੀਂ ਸੀ ਖਾਂਦੇ।

ਲੈ! ਯਾਦ ਆ ਗਿਆ, ਚੂਹੇ ਵੀ ਦੋ ਤਰ੍ਹਾਂ ਦੇ ਹੁੰਦੇ ਹਨ। ਇਕ ਘਰਾਂ ਦੇ ਚੂਹੇ ਤੇ ਇਕ ਜੰਗਲੀ ਚੂਹੇ। ਕਾਲੀ ਤੇ ਚਿੱਟੀ ਬਿੱਟੀ ਬਿੱਲੀ ਸਾਰਾ ਦਿਨ ਉਹਨਾਂ ਦੇ ਪਿਛੇ ਪਈ ਰਹਿੰਦੀ, ਪਰ ਉਹ ਹਰਾਮੀ ਚੂਹੇ ਘਰਾਂ ਵਿਚ ਬਾਜ਼ ਨਾ ਆਉਂਦੇ।

ਭਾਈ ਬੀਬੀਓ! ਘਰ ਵੀ ਤਾਂ ਦੋ ਤਰ੍ਹਾਂ ਦੇ ਹੁੰਦੇ : ਇਕ ਅੰਦਰਲਾ ਘਰ ਤੇ ਦੂਜਾ ਬਹਰਲਾ ਘਰ। ਅੰਦਰਲੇ ਘਰ ਤਾਂ ਬੇਬੇ ਜੀ ਸਾਰਾ ਬਿਜ਼ੀ(Bussi) ਰਹਿੰਦੇ। ਇਕ ਦਿਨ ਕੀ ਹੋਇਆ। ਬਾਹਰਲੇ ਘਰ, ਜਿਥੇ ਕਿ ਤੁਹਾਨੂੰ ਪਤਾ ਹੀ ਕਿ ਆਏ ਗਏ ਵਾਸਤੇ ਬੈਠਕ ਬਣੀ ਹੁੰਦੀ ਹੈ, ਉਥੇ ਭਾਈ ਸਾਡੇ ਇਕ ਸਾਧ ਆ ਵੜਿਆ। ਉਹ ਸਾਧ ਨਿਕਲਣ ਵਿਚ ਨਾ ਆਵੇ, ਆਖੇ ਸੌ ਰੁਪਈਆ ਲੈ ਕੇ ਹੀ ਜਾਣਾਂ ਹੈ, ਨਹੀਂ ਤਾਂ ਨਹੀਂ ਜਾਣਾ। ਏਨੇ ਨੂੰ ਬਾਪੂ ਜੀ ਨੇ ਆ ਕੇ ਉਹਨੂੰ ਦੋ ਘਸੁੰਨ ਮਾਰ ਕੇ ਮਸਾਂ ਭਜਾਇਆ।

ਲੈ ਭਾਈ! ਹੋਰ ਸੁਣੋ ਗਹਾਂ! ਸਾਧ ਵੀ ਤਾਂ ਦੋ ਤਰ੍ਹਾਂ ਦੇ ਹੁੰਦੇ ਹਨ, ਇਕ ਚੰਗੇ ਸਾਧ ਤੇ ਇਕ ਲਫੰਗੇ ਸਾਧ........"

ਅਜੇ ਇਹ ਲਫਜ਼ ਦਸੌਂਧਾ ਸਿੰਘ ਦੇ ਮੂੰਹੋਂ ਨਿਕਲੇ ਹੀ ਸੀ ਕਿ ਮੀਟਿੰਗ ਦੇ ਪ੍ਰਧਾਨ ਨੇ ਆ ਕੇ ਦਸੌਂਧਾ ਸਿੰਘ ਨੂੰ ਗਲੋਂ ਫੜ ਲਿਆ ਤੇ ਘੜੀਸਿਆ, ਤੇ ਘਸੁੰਨ ਮਾਰ ਕੇ ਕਿਹਾ ਕਿ "ਦਸੌਂਧਾ ਸਿੰਘ, ਲੈਕਚਰ ਵੀ ਤਾਂ ਦੋ ਤਰ੍ਹਾਂ ਦੇ ਹੁੰਦੇ ਹਨ। ਇਕ ਛੋਟਾ ਲੈਕਚਰ ਤੇ ਇਕ ਵਡਾ ਲੈਕਚਰ। ਤੇਰਾ ਲੈਕਚਰ ਇੰਨਾ ਵਡਾ ਹੈ ਕਿ ਅਜ ਪ੍ਰੈਜ਼ੀਡੈਂਟ ਦੀ ਚੋਣ ਹੀ ਨਹੀਂ ਹੋਣੀ।"

ਬਸ ਐਨੇ ਨੂੰ ਕੀ ਹੋਇਆ ਕਿ ਦਸੌਂਧਾ ਸਿੰਘ ਦੇ ਆਦਮੀ ਦੂਜੀ ਪਾਰਟੀ ਦੇ ਬੰਦਿਆਂ ਨਾਲ ਹਥੋਂ ਪਾਈ ਹੋ ਪਏ। ਠਾਹ! ਠਾਹ! ਲਾਠੀਆਂ ਵਜਣ ਦੀ ਤੇ ਜੁੱਤੀਆਂ ਬੁੱੜਕਣ ਦੀ ਅਵਾਜ਼ ਆਉਣ ਲਗੀ। ਅਜ ਚੋਣਾਂ ਦਾ ਮੈਦਾਨ, ਜੰਗੀ ਮੈਦਾਨ ਬਣ ਗਿਆ। ਲੋਕਾਂ ਵਿਚ ਨਠ ਭਜ ਪੈ ਗਈ। ਵਿਚਾਰੇ ਭਰਾਵਾਂ ਤੇ ਬੀਬੀਆਂ ਨੇ ਪ੍ਰੈਜ਼ੀਡੈਂਟ ਦੀ ਚੋਣ ਹੋਣ ਤੋਂ ਪਹਿਲਾਂ ਹੀ ਘਰ ਜਾ ਕੇ ਮਸਾਂ ਸੁੱਖ ਦਾ ਸਾਹ ਲਿਆ।

●

# ਡਾਇਰੀ ਦਾ ਇਕ ਪੰਨਾ

(ਸ਼ੌਗ ਅਜ ਮੇਢਾ)

ਐਤਵਾਰ ਸਵੇਰ !

ਸ਼ਾਂਤ ਵਾਤਾਵਰਣ !!

ਇਉਂ ਲੱਗ ਰਿਹਾ ਸੀ ਜਿਵੇਂ ਦੁਨੀਆਂ ਦੇ ਸਾਰੇ ਕੰਮ ਠੱਪ ਹੋ ਗਏ ਨੇ। ਪਰ ਨਹੀਂ.........ਇਹ ਕਿਵੇਂ ਹੋ ਸਕਦਾ ਹੈ...?

...ਛੁੱਟੀ ਹੋਣ ਕਰਕੇ ਰਾਤ ਬੇਸ਼ੁਮਾਰ ਸੱਕਾਚ ਤੇ ਬੀਅਰ ਉੱਡੀ ਹੋਵੇਗੀ !... ਚਾਰੇ ਪਾਸੇ ਮਦਹੋਸ਼ੀ ਫੈਲੀ ਹੋਈ ਹੈ ! ਰਾਤ ਦੀ ਪੀਤੀ ਹੋਈ ਹਾਲੇ ਤੱਕ ਉਤਰੀ ਨਹੀਂ ਹੋਵੇਗੀ ! ਕਿਸੇ ਦਾ ਸਿਰ ਦੁਖ ਰਿਹਾ ਹੋਵੇਗਾ; ਕਿਸੇ ਨੂੰ ਤੋੜ ਲੱਗੀ ਹੋਵੇਗੀ; ਕੋਈ ਚਾਹ ਉਡੀਕ ਰਿਹਾ ਹੋਵੇਗਾ; ਕੋਈ ਐਵੇਂ ਪਾਸੇ ਮਾਰਕੇ ਮੰਜੇ ਤੋੜ ਰਿਹਾ ਹੋਵੇਗਾ।... ਕਈ ਜੋੜੇ ਵੈਸੇ ਹੀ 'ਐਤਵਾਰ' ਮਾਣ ਰਹੇ ਹੋਣਗੇ ! ਕਈ ਵਿਚਾਰੀਆਂ ਹਫਤਾ ਭਰ ਢਿਡ ਭਰਨ ਦੀ ਖ਼ਾਤਰ ਰਾਤ ਦੇ ੮ ਵਜੇ ਤੋਂ ਹੁਣ ਤੱਕ ਜਾਗ ਰਹੀਆਂ ਹੋਣਗੀਆਂ.........!!

ਪਤਾ ਨਹੀਂ, ਅੱਜ ਮੈਂ ਕਿਵੇਂ ਜਲਦੀ ਉੱਠ ਖੜਿਆ।

ਮੇਰਾ ਜੀਅ ਕੀਤਾ ਪਾਰਕ ਵੱਲ ਜਾ ਆਵਾਂ।

ਚੱਕਰ ਕਟਦੇ ਕਟਦੇ ਨੀਵੇਂ ਥਾਂ ਪਹੁੰਚਿਆ।

ਅਜੀਬ ਜਿਹੀ ਪਤਲੀ ਆਵਾਜ਼.........ਫਟੇ ਕੱਪੜੇ, ਬਿਖਰੇ ਵਾਲ, ਘਰੂਟਾਂ ਤੇ ਦੰਦੀਆਂ ਦੇ ਨਿਸ਼ਾਨ, ਖ਼ੂਨ... ..!! ਮੈਂ ਕੋਲ ਜਾ ਕੇ ਖਲੋ ਗਿਆ। ਸਹਾਰਾ ਦੇਣਾ ਚਾਹਿਆ, ਪਰ ਹੌਂਸਲਾ ਨਾ ਪਿਆ। ਅਖ਼ੀਰ ਪੁਛ ਹੀ ਲਿਆ......"ਕੀ ਹੋਇਆ...??"

"......(ਹੌਕੇ, ਅੱਥਰੂ)......"

"ਕੀ ਹੋਇਆ.........?"

"......ਪੰਜ ਵਹਿਸ਼ੀ......ਰਾਤ......ਜ਼ਬਰਦਸਤੀ...(ਦਿਲ ਚੀਰਵਾਂ ਰੋਣ)..."

ਐਤਵਾਰ............!


**DALJIT SIDHU**



**Who has been serving your real estate need for the last four years.**

ਹਰ ਤਰ੍ਹਾਂ ਦੀ ਰੀਅਲ ਇਸਟੇਟ ਜ਼ਰੂਰਤ ਲਈ
ਬੀ. ਸੀ. ਦੀ ਸਭ ਤੋਂ ਵੱਡੀ ਰੀਅਲ
ਇਸਟੇਟ ਕੰਪਨੀ, ਭਾਵ:
ਬਲਾਕ ਬਰੱਦਰਜ਼ ਰੀਐਲਿਟੀ ਲਿਮਿਟਡ ਵਿੱਚ ਆਪਣੇ
ਸ਼ੇਲਜ - ਨੁਮਾਇੰਦੇ

**ਦਲਜੀਤ ਸਿੱਧੂ**

ਨੂੰ ਫੋਨ ਕਰੋ।

**Top salesman Delta office 1973 & again for 1974.**

**Office:**
**581-4601**
**Residence**
**596-9062**
**596-2666**

1973 ਅਤੇ ਫੇਰ 1974 ਵਿੱਚ ਡੈਲਟਾ ਆਫ਼ਿਸ ਦੇ ਸਰਵੋਤਮ ਸ਼ੇਲਜ਼ਮੈਨ

BLOCK BROS. REALTY LTD.

9360 – 120th Street, Surrey, B. C.

**LISTEN TO**

**Your Favourite Hindi and Punjabi Radio Program**

**INDIA TODAY AND TOMORROW**

on

**KERI FM STEREO 104.3 mHz**

**Cablevision 90.7 FM**

Every Wednesday 6:00 p.m. to 8:00 p.m.
Every Thursday 6:00 p.m. to 8 00 p.m.
Every Fridav 6:00 p.m. to 8:00 p.m.
Every Saturday 10 a.m. to 12 noon – 6 p.m. to 8 p.m.
Every Sunday 8 am. to 9:30 a.m. – 2 p.m. to 8 p.m.

**The programme consists of latest Indian music, cultural programme, also news from India and local community.**

We will be happy to provide the opportunity to any member of the community to offer felicititious message to friends and relatives on auspicious occasions such as marriages, birthdays, etc.

We will also welcome businessmen and firms who wish to advertise their services and products. Interested parties may phone or write for further information on advertising rates and advice in making up the best possible advertisement for you.

## Sponsored By

# INDIA NEWS AND VIEWS

PUBLICATION SERVING NORTH AMERICA SINCE 1954

OFFICE:
2202 Main Street
Vancouver, B.C.
Canada

TELEPHONE:
873-3878 - 9

MAILING ADDRESS:
P.O. Box 24658
Vancouver, B.C. V5T 4E2
Canada

# ਫੰਦ

(ਸੁਰਿੰਦਰ ਸਿੰਘ ਜੌਹਰ)

ਮੈਂ ਕਈ ਦਿਨਾਂ ਤੋਂ ਦੁਚਿੱਤੀ ਵਿਚ ਸਾਂ। ਮਨ ਦੀ ਉਦਾਸੀ ਤੇ ਉਪਰਾਮਤਾ ਮੇਰੇ ਚਿਹਰੇ ਉਤੋਂ ਟਪਕਦੀ ਸੀ।

ਕਿਤੇ ਮਨ ਨਹੀਂ ਸੀ ਲਗਦਾ, ਕੋਈ ਕੰਮ ਕਰਨ ਨੂੰ ਜੀਅ ਨਹੀਂ ਸੀ ਕਰਦਾ।

ਮੇਰੀ ਪਤਨੀ ਵੀ ਚਿੰਤੁਤ ਸੀ, ਵਿਆਕੁਲ ਸੀ। ਉਹ ਕਈ ਦਿਨਾਂ ਤੋਂ ਨੀਂਦ ਦੀਆਂ ਗੋਲੀਆਂ ਖਾ ਰਹੀ ਸੀ। ਮੈਂ ਟਰੈਕੂਲਾਈਜ਼ਰ ਖਾ ਖਾ ਕੇ ਤੰਗ ਆ ਗਿਆ ਸਾਂ।

ਸਾਡੇ ਬੱਚੇ ਬੇਚੈਨੀ ਦਾ ਕਾਰਨ ਪੁਛਦੇ, ਆਉਣ ਜਾਣ ਵਾਲੇ ਸਾਡੇ ਸੱਜਣ ਮਿੱਤਰ ਸਾਡੀ ਵਿਆਕੁਲਤਾ ਬਾਰੇ ਜਾਣਨਾ ਚਾਹੁੰਦੇ ਸਨ। ਅਸੀਂ ਉਨ੍ਹਾਂ ਨੂੰ ਕੀ ਦਸੀਏ ?

ਅਸੀਂ ਉਨ੍ਹਾਂ ਅਗੇ ਝੂਠ ਵੀ ਨਹੀਂ ਬੋਲ ਸਕਦੇ ਸਾਂ। ਸਾਡੇ ਚਿਹਰਿਆਂ ਉਤੇ ਡੂੰਘੀ ਉਦਾਸੀ ਤੇ ਚਿੰਤਾ ਦੀਆਂ ਰੇਖਾਵਾਂ ਉਕਰੀਆਂ ਹੋਈਆਂ ਸਨ।

ਮੇਰੀ ਪਤਨੀ ਕਿਰਨ ਦੀਆਂ ਅੱਖਾਂ 'ਚੋਂ ਅਥਰੂ ਟਪਕ ਰਹੇ ਸਨ। ਉਹ ਬਾਰ ਬਾਰ ਆਪਣੀਆਂ ਅੱਖਾਂ ਸਾਫ਼ ਕਰਦੀ ਪਰ ਉਨ੍ਹਾਂ ਵਿਚੋਂ ਸਜਲਤਾ ਦੂਰ ਨਾ ਹੁੰਦੀ। ਉਸ ਰੋਣਹਾਕੀ ਹੋ ਕੇ ਪੁਛਿਆ—

ਫੇਰ ਤੁਸੀਂ ਕੀ ਸੋਚਿਆ ਏ ?"

ਮੈਨੂੰ ਜਿਵੇਂ ਕਿਸੇ ਗੂੜ੍ਹੀ ਨੀਂਦ ਤੋਂ ਜਗਾ ਦਿਤਾ ਹੋਵੇ।

'ਕਿਰਨ ! ਕੀ ਆਖਿਆ ਏ ?'

'ਤੁਸੀਂ ਕਿਥੇ ਗੁਆਚੇ ਹੋਏ ਹੋ ?'

'ਹੈਂ ! ਹੈਂ !

'ਮੈਂ ਪੁਛਿਆ ਏ ਤੁਸੀਂ ਜਲੰਧਰ ਜਾਣ ਬਾਰੇ ਕੀ ਸੋਚਿਆ ?'

ਮੇਰੀਆਂ ਅੱਖਾਂ ਅਗੋਂ ਮੇਰੇ ਵੱਡੇ ਭਰਾ ਦੀ ਰਸਮੀ ਜਿਹੀ ਚਿੱਠੀ ਦਾ ਇਕ ਇਕ ਅੱਖਰ ਲੰਘ ਗਿਆ। ਉਸ ਦੇ ਵੱਡੇ ਪੁੱਤਰ ਗੁਰਿੰਦਰ ਦੀ ਸ਼ਾਦੀ ਸੀ। ਗੁਰਿੰਦਰ ਜਿਸ ਨੂੰ ਮੈਂ ਕੰਧਾਰੇ ਚੁਕ ਚੁਕ ਕੇ ਖਿਡਾਇਆ ਸੀ — ਗੁਰਿੰਦਰ ਜਿਸ ਨੂੰ ਹਰ ਸਮੇਂ ਮੈਂ ਸੀਨੇ ਨਾਲ ਲਗਾ ਕੇ ਰਖਿਆ ਸੀ। ਉਸ ਦੀ ਸ਼ਾਦੀ ਹੈ ਤੇ ਮੇਰਾ ਵੱਡਾ ਭਰਾ ਮੈਨੂੰ ਲਿਖ ਰਿਹਾ ਹੈ, 'ਗੁਰਿੰਦਰ ਦੀ ਸ਼ਾਦੀ ਹੈ — ਦੋਵੇਂ ਮੀਆਂ ਬੀਵੀ ਆ ਜਾਣਾ — ਬਰਾਤ ਬੜੇ ਵੱਡੇ ਘਰ ਢੁਕਣੀ ਹੈ — ਕਪੜਾ ਲਤਾ ਚੰਗਾ ਲਿਆਣਾ — ਮੇਰੀ ਇਜ਼ਤ ਦਾ ਸੁਆਲ ਹੈ।'

ਚਿਠੀ ਦਾ ਇਕ ਇਕ ਅੱਖਰ ਜਿਵੇਂ ਮੈਨੂੰ ਘੁਣ ਵਾਂਗ ਖਾਈ ਜਾ ਰਿਹਾ ਹੋਵੇ। ਮੇਰੇ ਦਿਮਾਗ ਦੀਆਂ ਨਸਾਂ ਸੁੰਨ ਹੋ ਰਹੀਆਂ ਸਨ। ਮੇਰੇ ਸਰੀਰ ਅੰਦਰ ਖੂਨ ਦੇ ਕਤਰੇ ਜਮ ਰਹੇ ਸਨ। ਕਿਰਨ ਨੇ ਮੈਨੂੰ ਮੋਢਿਆਂ ਤੋਂ ਝੰਜੋੜਿਆ, 'ਕਿਨ੍ਹਾਂ ਸੋਚਾਂ 'ਚ ਡੁਬੇ ਹੋਏ ਹੋ — ਵਿਚੋਂ ਕੱਲ ਦਾ ਈ ਤਾਂ ਦਿਨ ਏ — ਤੁਹਾਡੇ ਕੋਲ ਤਾਂ ਕੋਈ ਕੋਟ ਵੀ ਨਹੀਂ ਉਤੋਂ ਕਹਿਰਾਂ ਦੀ ਠੰਢ —।'

'ਕਿਰਨ, ਜੇ ਅਸੀਂ ਨਾ ਗਏ ਤਾਂ ਲੋਕ ਕੀ ਆਖਣਗੇ — ਬਰਾਦਰੀ 'ਚ ਸਾਡਾ ਨੱਕ ਵਢਿਆ ਜਾਏਗਾ — ਫੇਰ ਮੇਰੇ ਕੋਲ ਤਾਂ ਚੱਜ ਦਾ ਕੋਈ ਸੂਟ ਵੀ ਨਹੀਂ।'

ਮੈਂ ਖਾਮੋਸ਼ ਨਿਗਾਹਾਂ ਛੱਤ ਤੇ ਟਿਕਾਈ ਅਡੋਲ ਬੈਠਾ ਸਾਂ। ਕਿਰਨ ਨੂੰ ਕੀ ਉਤਰ ਦੇਵਾਂ ?'

'ਤੁਸੀਂ ਬੋਲਦੇ ਕਿਉਂ ਨਹੀਂ ?'

'ਤੁਸੀਂ ਮੇਰੀ ਗੱਲ ਦਾ ਜੁਆਬ ਕਿਉਂ ਨਹੀਂ ਦਿੰਦੇ ?'

'ਕਿਰਨ ! ਜਾਈਏ ਤਾਂ ਵੀ — ਨਾ ਜਾਈਏ ਤਾਂ ਵੀ — ਕੁਝ ਸਮਝ ਨਹੀਂ ਆਂਦੀ — ਬੀਮਾਰੀ ਦਾ ਬਹਾਨਾ ਜਾਂ ਕੋਈ ਹੋਰ ਬਹਾਨਾ — ਕੀ ਕਰਾਂ — ਮੇਰੇ ਕੋਲ ਤਾਂ ਕਿਰਾਏ ਜੋਗੇ ਪੈਸੇ ਵੀ ਨਹੀਂ।'

'ਮੈਨੂੰ ਸਭ ਪਤਾ ਏ — ਫੇਰ ਕਿੰਜ ਕੀਤਾ ਜਾਏ।'

'ਤੂੰ ਹੀ ਦਸ ਕਿਰਨ। ਮੈਂ ਤਾਂ ਡਾਵੀ ਦੁਬਿਦਾ 'ਚ ਫਸਿਆ ਹੋਇਆ ਹਾਂ।'

'ਇਕ ਗੱਲ ਹੋ ਸਕਦੀ ਏ, ਤੁਸੀਂ ਕੱਲੇ ਹੋ ਆਵੋ ਮੈਂ ਨਹੀਂ ਜਾਂਦੀ। ਬੱਚਿਆਂ ਦੀ ਬੁਘਣੀ ਤੋੜ ਕੇ ਤਕਦੀ ਹਾਂ, ਤੁਹਾਡੇ ਕਰਾਏ ਜੋਗੇ ਪੈਸੇ ਤਾਂ ਨਿਕਲ ਈ ਆਣਗੇ।'

'ਪਰ ਉਥੇ ਕੁਝ ਦੇਣਾ ਵੀ ਤਾਂ ਪਵੇਗਾ — ਕੁੜੀ ਦਾ ਮੂੰਹ ਲਗਣਾ — ਕਿੰਨਾ ਈ ਕੁਝ ਹੋਰ।'

'ਮੈਂ ਵੇਖਾਂ ਤੇ ਸਹੀ, ਬੁਘਣੀ ਚੋਂ ਕੀ ਨਿਕਲਦਾ ਏ।'

ਆਖ਼ਰ ਕਿਰਨ ਅੰਦਰ ਕਮਰੇ ਵਿਚ ਚਲੀ ਗਈ। ਮੇਰੀਆਂ ਅੱਖਾਂ ਅਗੇ ਸਿਆਹੀ ਦੇ ਡੋਰੇ ਘੁੰਮ ਰਹੇ ਸਨ। ਮੇਰੇ ਦਿਮਾਗ ਵਿਚ ਬੀਤੇ ਜ਼ਮਾਨੇ ਦੀਆਂ ਯਾਦਾਂ ਘੁੰਮਣ-ਘੇਰੀਆਂ ਪਾ ਰਹੀਆਂ ਸਨ। ਅਸੀਂ ਦੋਵੇਂ ਭਰਾ ਰਾਵਲ-ਪਿੰਡੀ ਤੋਂ ਇਕਠੇ ਹੀ ਆਏ ਸਾਂ। ਸਭ ਉਥਲ-ਪੁਥਲ ਹੋ ਗਿਆ ਸੀ। ਅਸੀਂ ਦੋਵੇਂ ਭਰਾ ਪਹਿਲਾਂ ਕਿੰਨਾਂ ਹੀ ਚਿਰ ਦਿੱਲੀ ਦੀਆਂ ਸੜਕਾਂ ਦੇ ਚੱਕਰ ਕਢਦੇ ਰਹੇ। ਰੁਜ਼ਗਾਰ ਦੀ ਭਾਲ ਵਿਚ। ਦਿਨ ਭਰ ਅਸੀਂ ਦਫਤਰਾਂ ਦੇ ਗੇੜੇ ਮਾਰਦੇ ਰਹਿੰਦੇ — ਸ਼ਾਮ ਦਾ ਘੁਸਮੁਸਾ ਹੁੰਦਾ ਤਾਂ ਅਸੀਂ ਕੁਤਬ ਦੀ ਲਾਠ ਦੇ ਸਾਏ ਹੇਠ ਆ ਕੇ ਲੇਟ ਜਾਂਦੇ। ਭਵਿਸ਼ ਬੜਾ ਡਰਾਉਣਾ ਸੀ। ਭਵਿਸ਼ ਦੇ ਰਾਹਾਂ 'ਚ ਕੰਡੇ ਬੀਜੇ ਹੋਏ ਸਨ।

ਤੇ ਫਿਰ ਮੇਰੇ ਵੱਡੇ ਵੀਰ ਗੁਰਪਾਲ ਨੇ ਕੋਈ 'ਵਪਾਰ' ਸ਼ੁਰੂ ਕਰ ਦਿਤਾ। ਦਿਨਾਂ ਵਿਚ ਹੀ ਉਸ ਦੀ ਕਾਇਆਂ ਪਲਟ ਗਈ। ਅੱਜ ਹੋਰ ਤੇ ਕੱਲ ਹੋਰ। ਮੈਨੂੰ ਕੁਝ ਸਮਝ ਨਹੀਂ ਸੀ ਆਉਂਦੀ ਕਿ ਉਸ ਕੋਲ ਪੈਸਾ ਕਿਥੋਂ ਆ ਗਿਆ ਹੈ। ਉਸ ਦੀ ਕੋਠੀ ਬਣ ਗਈ। ਉਸ ਕਾਰ ਖਰੀਦ ਲਈ। ਉਸ ਦੀ ਬੀਵੀ ਨੇ ਹੀਰਿਆਂ ਦੇ ਜ਼ੇਵਰ ਪਾ ਲਏ।

ਪਰ ਮੈਂ ਆਪਣੇ ਆਦਰਸ਼ਾਂ ਲਈ ਜੂਝਦਾ ਰਿਹਾ। ਮੈਂ ਜ਼ਿੰਦਗੀ ਤੇ ਮੌਤ ਵਿਚਕਾਰ ਈਸਾ ਵਾਂਗ ਸੂਲੀ ਤੇ ਲਟਕਦਾ ਰਿਹਾ। ਮੈਂ ਇਕ ਦਫਤਰ ਵਿਚ ਕਲਰਕ ਸਾਂ।

'ਤੁਹਾਡਾ ਕੰਮ ਬਣ ਗਿਆ ਏ।' ਮੇਰੀ ਬੀਵੀ ਦੇ ਬੋਲਾਂ ਨੇ ਮੇਰੇ ਵਿਚਾਰਾਂ ਨੂੰ ਰੇਤ ਦੇ ਦਾਣਿਆਂ ਵਾਂਗ ਖਿੰਡਾ ਦਿਤਾ।

'ਕਿੰਨੇ ਪੈਸੇ ਨਿਕਲੇ ਨੇ ?'

'ਚਾਲ੍ਹੀ ਰੁਪਏ! ਪੰਜੀ ਰੁਪਏ ਤੁਹਾਡੇ ਜਾਣ ਆਣ ਦਾ ਕਿਰਾਇਆ; ਗਿਆਰਾਂ ਰੁਪਏ ਕੁੜੀ ਨੂੰ ਤੇ ਬਾਕੀ ਕੁਝ ਹੋਰ।'

ਆਖ ਕੇ ਜਿਵੇਂ ਮੇਰੀ ਬੀਵੀ ਦੀ ਸਾਰੀ ਜ਼ਿਮੇਵਾਰੀ ਉਤਰ ਗਈ ਹੋਵੇ। ਉਸ ਦੀਆਂ ਅੱਖਾਂ 'ਚ ਚਮਕ ਸੀ। ਵੇਖਿਆ ਜੇ ਨਾ, ਮੈਂ ਵੀ ਜੋ ਭਾਨ ਦੁੱਧ ਦੇ ਪੈਸਿਆਂ 'ਚੋਂ ਬਚਦਾ ਏ ਬੁਘਣੀ 'ਚ ਈ ਸੁਟਦੀ ਜਾਂਦੀ ਹਾਂ—ਵੇਖਿਆ ਜੇ ਕਿੰਜ ਲੋੜ ਪੂਰੀ ਹੁੰਦੀ ਏ।'

'ਅੱਛਾ ਫੇਰ ਮੈਂ ਪਰਸੋਂ ਫਲਾਇੰਗ ਤੇ ਚਲਾ ਜਾਵਾਂਗਾ।

'ਜ਼ਰੂਰ ਬਰਾਤ ਚਲਣ ਤਕ ਤਾਂ ਉਥੇ ਪਹੁੰਚ ਈ ਜਾਵੇਗੇ।'

'ਹਾਂ — ਪਹੁੰਚ ਜਾਵਾਂਗਾ — ਮੈਂ ਉਥੇ ਪਹਿਲਾਂ ਕਰਨਾ ਵੀ ਕੀ ਏ।'

'ਹੁਣ ਨਿਸਚਿੰਤ ਹੋ ਕੇ ਸੌਂ ਜਾਓ, ਦੁਨੀਆਂਦਾਰੀ ਵੀ ਰਹਿ ਜਾਵੇਗੀ।'

'ਅੱਛਾ।'

ਮੈਂ ਜਲੰਧਰ ਪਹੁੰਚਿਆ ਤਾਂ ਗੁਰਪਾਲ ਵੀਰ ਦੀ ਕੋਠੀ ਅਤਿਅੰਤ ਸਜੀ ਹੋਈ ਸੀ। ਚਾਰ ਚੁਫੇਰੇ ਰੌਸ਼ਨੀ ਦੇ ਟਿਮਟਿਮਾਉਂਦੇ ਬਲਬ ਹਨੇਰੇ ਵਿਚ ਚਾਨਣ ਫੈਲਾ ਰਹੇ ਸਨ। ਅੰਦਰ ਲਾਅਨ ਵਿਚ ਆਲੀਸ਼ਾਨ ਪੰਡਾਲ ਅੰਦਰ ਵਿਸਕੀ ਦਾ ਦੌਰ ਚਲ ਰਿਹਾ ਸੀ। ਰੰਗ ਬਰੰਗੀਆਂ ਸਾੜ੍ਹੀਆਂ ਪਾਈ ਔਰਤਾਂ ਵਾਤਾਵਰਣ ਨੂੰ ਰੰਗੀਨ ਬਣਾ ਰਹੀਆਂ ਸਨ। ਔਰਤਾਂ ਦੇ ਕੰਨਾਂ, ਉਂਗਲਾਂ ਤੇ ਗਲਿਆਂ ਵਿਚ ਹੀਰਿਆਂ ਦੇ ਜ਼ੇਵਰ ਲਿਸ਼ਕ ਰਹੇ ਸਨ।

ਮੈਂ ਕੋਠੀ ਅੰਦਰ ਜਾਣ ਤੋਂ ਹੀ ਝਿਜਕ ਰਿਹਾ ਸਾਂ। ਕਿੰਨਾ ਹੀ ਚਿਰ ਦੀਵਾਰ ਨਾਲ ਲਗ ਕੇ ਖਲੋਤਾ ਰਿਹਾ। ਮੇਰੇ ਮਾਮਾ ਜੀ ਗੁਰਪਾਲ ਨੂੰ ਪੁਛ ਰਹੇ ਸਨ

'ਹਰਜੀਤ ਨਹੀਂ ਆਇਆ?'

'ਨਹੀਂ।'

'ਕਿਉਂ?'

'ਉਸ ਦਾ ਦਿਮਾਗ ਖ਼ਰਾਬ ਹੈ। ਈਡੀਅਟ ਜ਼ਮਾਨੇ ਦਾ।'

'ਉਸ ਨੂੰ ਆਉਣਾ ਤਾਂ ਚਾਹੀਦਾ ਸੀ।'

'ਤੁਸੀਂ ਗਲਾਸ ਪੂਰੇ ਕਰੋ, ਨਾ ਵੀ ਆਇਆ ਤਾਂ ਕੀ ਫ਼ਰਕ ਪੈਂਦਾ ਏ। ਸੋਡਾ ਪਾਵਾਂ ਕਿ ਪਾਣੀ।'

'ਸੋਡਾ......'

ਮੇਰਾ ਸਾਰਾ ਸਰੀਰ ਕੰਬ ਰਿਹਾ ਸੀ। ਇਤਨੀ ਠੰਢ ਵਿਚ ਵੀ ਮੇਰੇ ਮੱਥੇ ਉਪਰ ਪਸੀਨੇ ਦੀਆਂ ਬੂੰਦਾਂ ਤਰ ਰਹੀਆਂ ਸਨ। ਮੈਂ ਬਾਰ ਬਾਰ ਰੁਮਾਲ ਨਾਲ ਮੱਥਾ ਸਾਫ਼ ਕਰ ਰਿਹਾ ਸਾਂ। ਮੇਰੇ ਕਦਮ ਡਗਮਗਾ ਰਹੇ ਸਨ। ਮੇਰਾ ਕੋਠੀ ਅੰਦਰ ਜਾਣ ਦਾ ਸਾਹਸ ਮੁਕਦਾ ਜਾ ਰਿਹਾ ਸੀ।

ਮੈਂ ਡਿਗਦਾ ਢਹਿੰਦਾ ਅੰਦਰ ਆਇਆ। ਮੇਰੀ ਭਾਬੀ ਕਿਸੇ ਦੇ ਗਲਾਸ ਵਿਚ ਵਿਸਕੀ ਪਾ ਰਹੀ ਸੀ। ਉਸ ਦੇ ਆਪਣੇ ਹੱਥ ਵਿਚ ਵੀ ਗਲਾਸ ਫੜਿਆ ਹੋਇਆ ਸੀ। ਮੇਰੀਆਂ ਅੱਖਾਂ ਦੀ ਰੌਸ਼ਨੀ ਉਡਦੀ ਜਾਪਦੀ ਸੀ।

'ਤੁਹਾਡੀ ਦਰਾਣੀ ਨਹੀਂ ਆਈ।' ਉਸ ਆਦਮੀ ਨੇ ਮੇਰੀ ਭਾਬੀ ਕੋਲੋਂ ਪੁਛਿਆ।

'ਚੰਗਾ ਹੋਇਆ ਏ, ਲੀਰਾਂ ਲਮਕਾ ਕੇ ਆ ਜਾਂਦੀ। ਬੜੀ ਬੇਜ਼ੁਆਦੀ ਹੋਣੀ ਸੀ।'

'ਤੁਸੀਂ ਕੋਈ ਆਪਣੀ ਸਾੜ੍ਹੀ ਪੁਆ ਦੇਣੀ ਸੀ।'

'ਤੁਸੀਂ ਹਾਲੇ ਤਕ ਉਸ ਨੂੰ ਭੁਲੇ ਨਹੀਂ।'

'ਨਹੀਂ, ਕੋਈ ਇਹੋ ਜਿਹੀ ਗੱਲ ਨਹੀਂ, ਤੁਹਾਡੇ ਹੁੰਦਿਆਂ ਉਸ ਦੀ ਕੀ ਲੋੜ ਏ। ਉਂਜ ਸੁਣਿਆ ਏ, ਹਾਲੇ ਉਸ-ਤਰ੍ਹਾਂ ਈ ਨਿਰੀ ਅੱਗ ਏ।'

'ਛੱਡੋ ਪਰੇ, ਗੋਲੀ ਮਾਰੋ ਸੂ।'

ਮੈਂ ਖਲਾਅ ਵਿਚ ਲਟਕ ਰਿਹਾ ਸਾਂ। ਕੋਸ਼ਿਸ਼ ਕਰਕੇ ਅਗੇ ਵੱਧ ਕੇ ਵੀਰ ਜੀ ਦੇ ਪੈਰਾਂ ਤੇ ਮੱਥਾ ਟੇਕਿਆ।

'ਆ ਗਿਆ ਏਂ ਹਰਜੀਤ, ਬੜੇ ਵੇਲੇ ਸਿਰ ਆਇਆ ਏਂ। ਪਰ ਕਪੜਾ ਤਾਂ ਕੋਈ ਚੱਜ ਦਾ ਪਾ ਲੈਣਾ ਸੀ, ਤੈਨੂੰ ਲਿਖਿਆ ਵੀ ਸੀ। ਤੈਨੂੰ ਪਤਾ ਏ ਸੰਤ ਪਦਮ ਸ੍ਰੀ ਅਮਰ ਨਾਥ ਹੁਰਾਂ ਦੇ ਘਰ ਢੁਕ ਰਹੀ ਏ।'

ਮੈਂ ਕੋਈ ਉਤਰ ਨਾ ਦਿਤਾ। ਮੇਰੀਆਂ ਨਜ਼ਰਾਂ ਜ਼ਮੀਨ ਉਤੇ ਗੱਡੀਆਂ ਹੋਈਆਂ ਸਨ। ਮੈਂ ਤੇਜ਼ ਤੇਜ਼ ਕਦਮ ਪੁਟਦਾ ਹੋਇਆ ਪੰਡਾਲ ਤੋਂ ਬਾਹਰ ਆ ਗਿਆ। ਕਿਸੇ ਹੋਰ ਨੇ ਵੀਰ ਜੀ ਨੂੰ ਪੁਛਿਆ :

'ਹਰਜੀਤ ਅੱਜ ਕੱਲ ਕਿਥੇ ਹੁੰਦਾ ਏ?'

'ਦਿੱਲੀ, ਵਿਚਾਰਾ ਕਲਰਕ ਏ।'

ਮੈਂ ਦੀਵਾਰ ਨਾਲ ਢਾਸਣਾ ਲਾਈ ਖਲੋਤਾ ਸਾਂ। ਮੇਰੇ ਮੱਥੇ ਉਤੇ ਪਸੀਨੇ ਦੀਆਂ ਬੂੰਦਾਂ ਤਰ ਰਹੀਆਂ ਸਨ। ਮੇਰੇ ਕੰਨਾਂ 'ਚ ਆਵਾਜ਼ ਪਈ : ਵੀਰ ਜੀ ਨੇ ਭਾਬੀ ਜੀ ਨੂੰ ਆਖਿਆ, ਹਰਜੀਤ ਨੂੰ ਕੋਈ ਮੇਰਾ ਸੂਟ ਈ ਦੇ ਦਿਉ, ਬਦਲ ਲਵੇ, ਲੋਕ ਕੀ ਆਖਣਗੇ।'

ਮੈਂ ਦੇ ਤਾਂ ਦਿੰਦੀ ਹਾਂ ਪਰ ਵੇਖਣਾ ਸਵੇਰੇ ਕਿਤੇ ਨਾਲ ਈ ਨਾ ਲੈ ਜਾਵੇ, ਉਸ ਦਾ ਕੁਝ ਪਤਾ ਨਹੀਂ।'

'ਉਸ ਨੂੰ ਕਹਿ ਦੇਣਾ ਸਵੇਰੇ ਉਤਾਰ ਦੇਵੇਗਾ।'

ਮੇਰੇ ਕੰਨਾਂ 'ਚ ਸਾਂ ਸਾਂ ਹੋ ਰਹੀ ਸੀ। ਗੁਰਿੰਦਰ ਮੇਰੇ ਕੋਲੋਂ ਲੰਘਿਆ 'ਹੈਲੋ, ਅੰਕਲ, ਹੋ ਆਰ ਯੂ?'

'ਠੀਕ ਹਾਂ।'

ਗੁਰਿੰਦਰ ਅਗੇ ਵੱਧ ਗਿਆ। ਕੁਝ ਵਰ੍ਹੇ ਪਹਿਲਾਂ ਤੇ ਅੱਜ ਦਾ ਗੁਰਿੰਦਰ ਮੇਰੀਆਂ ਅਖਾਂ ਅਗੇ ਰੇਲ ਦੇ ਡਬਿਆਂ ਵਾਂਗ ਲੰਘ ਗਿਆ।

ਬਰਾਤ ਜਾਣ ਨੂੰ ਤਿਆਰ ਸੀ।

ਬਰਾਤੀ ਕਾਰਾਂ ਵਿਚ ਬੈਠ ਰਹੇ ਸਨ।

ਕੁਝ ਪੀ ਪੀ ਕੇ ਮੁਧੇ ਹੋ ਰਹੇ ਸਨ।

ਫ਼ੌਜੀ ਬੈਂਡ ਦੀ ਧੁਨ ਵੱਜ ਰਹੀ ਸੀ।

'ਮੈਂ ਇਕ ਕੋਨੇ ਵਿਚ ਖਲੋਤਾ ਸਭ ਕੁਝ ਵੇਖ ਰਿਹਾ ਸਾ। ਗੁਰਪਾਲ ਨੇ ਕਿੰਨਾਂ ਪੈਸਾ ਕਿਵੇਂ ਕਮਾਇਆ ਹੈ। ਮਿਲਾਵਟਾਂ, ਟੈਕਸਾਂ ਦੀ ਚੋਰੀ, ਜ਼ਖ਼ੀਰਾ ਬਾਜ਼ੀ — ਉਸ ਦਾ ਹੰਕਾਰ, ਸਾਰੇ ਟੱਬਰ ਦਾ ਹੰਕਾਰ ਮੈਨੂੰ ਖੋਰ ਰਿਹਾ ਸੀ। ਮੇਰਾ ਅੰਦਰਲਾ ਕੋਈ ਅਦਿਖ ਸ਼ਕਤੀ ਝੰਜੋੜ ਰਹੀ ਬਰਾਤ ਚਲੀ ਗਈ।

ਮੈਂ ਕੋਠੀ ਤੋਂ ਬਾਹਰ ਆ ਗਿਆ।

ਇਕ ਰਿਕਸ਼ਾ ਵਾਲਾ ਊਂਘ ਰਿਹਾ ਸੀ।

'ਸਟੇਸ਼ਨ ਤੇ ਚਲਣਾ ਈ?' ਮੈਂ ਉਸ ਨੂੰ ਹੌਲੀ ਜਿਹੇ ਪੁਛਿਆ।

'ਜੀ, ਬੈਠੋ।'

'ਕਿੰਨੇ ਪੈਸੇ?'

'ਬਾਰਾਂ ਆਨੇ।'

'ਛੇਤੀ ਕਰ, ਮੈਂ ਦਿੱਲੀ ਦੀ ਗੱਡੀ ਫੜਨੀ ਏ।'

'ਫੜ ਲਉਗੇ।' ਮੈਂ ਗੱਡੀ ਤੇ ਬੈਠ ਕੇ ਅਗਲੇ ਦਿਨ ਸਵੇਰ ਦਿੱਲੀ ਪਹੁੰਚ ਗਿਆ। ਮੇਰੀ ਪਤਨੀ ਮੈਨੂੰ ਵੇਖ ਕੇ ਹੱਕੀ ਬੱਕੀ ਰਹਿ ਗਈ। ਮੇਰਾ ਉਤਰਿਆ ਹੋਇਆ ਚਿਹਰਾ, ਕੰਬਦੇ ਹੋਂਠ, ਪਸੀਨੇ ਨਾਲ ਤਰ ਹੋਇਆ ਮੱਥਾ ਵੇਖ ਕੇ ਉਹ ਡੁਬਦੀ ਜਾਂਦੀ ਸੀ।

ਕਿਰਨ ਦਾ ਰੰਗ ਸਰਹੋਂ ਦੇ ਫੁਲ ਵਰਗਾ ਹੋ ਰਿਹਾ ਸੀ। ਮੈਂ ਉਸ ਦੇ ਮੂੰਹ ਵਲ ਤਕ ਰਿਹਾ ਸਾਂ।

ਉਹ ਮੇਰੇ ਮੂੰਹ ਵਲ ਤਕ ਰਹੀ ਸੀ। ਕੋਈ ਕਿਸੇ ਨੂੰ ਕੁਝ ਵੀ ਪੁਛਣ ਦਾ ਹੌਂਸਲਾ ਨਹੀਂ ਸੀ ਕਰ ਰਿਹਾ। ●

# KHAN AGENCIES LTD.



RIASAT ALI KHAN



SARAJ KHAN

To serve your Autoplan needs, the license plates, decals and insurance for all types of cars and trucks

All other insurance services such as fire and theft, life, sickness and accident, business, mortgage and retirement savings plans are available at our this office:

## CHAMPLAIN MALL

3200—E. 54th Avenue, Vancouver, B.C.
Phone: 433-7211

•

687-7711 Pager No. 3543—24 Hour per day at both offices.

•

Khan Brothers can also make travel arrangements and help in visa, passport and other immigration matters.

**RES. PHONE: 327-7841**




# ਮੁਲਾਂਕਣ

-ਅਸ਼ੋਕ ਅੱਗਰਵਾਲ-
(ਅਨੁਵਾਦਕ: ਫੂਲ ਚੰਦ ਮਾਨਵ)

ਸ੍ਰੀਮਾਨ ਜੀ, ਤੁਹਾਡਾ ਸੁਝਾਓ ਹੈ ਕਿ ਮੈਂ ਹੁਣੇ ਆਪਣੇ ਆਪ ਨੂੰ ਵੇਚ ਦਿਆਂ। ਆਪਣੇ ਆਪ ਨੂੰ ਹੀ ਨਹੀਂ, ਪੂਰੇ ਪਰਿਵਾਰ ਨੂੰ। ਯਾਨਿ ਆਪਣੀ ਪਤਨੀ, ਪੁਤਰ ਅਤੇ ਧੀ ਨੂ।......ਜੇਕਰ ਪੁਤਰ ਸਕੂਲ ਨਾ ਗਿਆ ਹੁੰਦਾ ਅਤੇ ਤੁਹਾਡੇ ਸਾਹਮਣੇ ਹੁੰਦਾ ਤਾਂ ਤੁਹਾਡੇ ਸੁਝਾਓ ਉਤੇ ਪੂਰੇ ਜ਼ੋਰ ਨਾਲ ਕਿਲਕਾਰੀ ਮਾਰਦਾ ਅਤੇ ਭਜਕੇ ਤੁਹਾਡੀ ਗੋਦੀ ਚੜ੍ਹ ਜਾਂਦਾ। ਦਰਅਸਲ ਉਸਨੇ ਕੁਝ ਪੌਰਾਣਕ ਕ੍ਰਥਾਵਾਂ ਸੁਣ ਰਖੀਆਂ ਹਨ, ਜਿਨ੍ਹਾਂ ਵਿਚ ਆਪਣੇ ਆਪ ਨੂੰ ਸਚ ਅਤੇ ਧਰਮ ਦੇ ਨਾਂ ਤੇ ਵੇਚ ਦਿਤਾ ਜਾਂਦਾ ਹੈ ਅਤੇ ਖਰੀਦਣ ਵਾਲਾ, ਆਪਣਾ ਭੇਸ ਵਟਾ ਕੇ ਆਇਆ ਕੋਈ ਦੇਵਤਾ ਹੁੰਦਾ ਹੈ, ਜਿਹੜਾ ਪਿਛੋਂ ਉਸ ਲਈ ਸੁਰਗ 'ਚ ਦਾਖਲ ਹੋਣ ਦਾ ਹਕ ਬਖਸ਼ਦਾ ਹੈ। ਮੇਰੇ ਪੁਤਰ ਨੂੰ ਸੁਰਗ ਵੇਖਣ ਦਾ ਬਹੁਤ ਚਾਅ ਹੈ। ਉਸ ਦੇ ਸੁਪਨਿਆਂ 'ਚ ਹਰ ਰੋਜ਼ ਨੰਦਨਬਨ ਅਉਂਦਾ ਹੈ। ਜਿਸਦੇ ਹੇਠ ਬਹਿਕੇ ਉਹ ਆਪਣੀਆਂ ਇਛਾਵਾਂ ਉਚੀ ਉਚੀ ਪ੍ਰਗਟਾਉਂਦਾ ਹੈ, ਪਰ ਅੱਖਾਂ ਖੁਲਦਿਆਂ ਹੀ ਸਾਰਾ ਕੁਝ ਗਾਇਬ ਹੋ ਜਾਂਦਾ ਹੈ। ਉਹ ਬੁਰੀ ਤਰ੍ਹਾਂ ਰੋਣਾ ਸ਼ੁਰੂ ਕਰ ਦਿੰਦਾ ਹੈ। ਰੋਂਦਿਆਂ ਰੋਂਦਿਆਂ ਉਸਦੀਆਂ ਹਿਚਕੀਆਂ ਬੰਝ ਜਾਂਦੀਆਂ ਹਨ। ਸਫੈਦ ਚਿਹਰਾ ਲਾਲ ਸੁਰਖ ਹੋ ਜਾਂਦਾ ਹੈ। ਅੱਖਾਂ 'ਚ ਰੰਗੀਨ ਕਟੇ-ਫਟੇ-ਇੰਦਰ-ਧਨੁਸ਼ ਲਹਿਰਾਂਦੇ ਹਨ। ਉਸਦਾ ਯਕੀਨ ਉਨ੍ਹਾਂ ਪੌਰਾਣਕ ਕਥਾਵਾਂ ਤੋਂ ਹੁਣ ਕੁਝ ਹਟ ਗਿਆ ਹੈ। ਉਸ ਦੇ ਮਨ 'ਚ ਸ਼ਕ ਦੇ ਬੀਜ ਪੈਦਾ ਹੋਣ ਲਗੇ ਹਨ। ਪਰ ਮੈਂ ਮੁੜ ਉਸਦੇ ਦਿਮਾਗ 'ਚ ਯਕੀਨ ਦਾ ਦਰਾਕਸ਼ਆਸਵ ਪਉਂਦਾ ਹਾਂ ਅਤੇ ਦਸਦਾ ਹਾਂ ਕਿ ਦੇਵਤਾ ਕਦੇ ਆਪਣੇ ਭਗਤ ਨੂੰ ਭੁਲਦੇ ਨਹੀਂ। ਉਹ ਤਾਂ ਆਪਣੇ ਭਗਤ ਦੀ ਤਰ੍ਹਾਂ ਤਰ੍ਹਾਂ ਪ੍ਰੀਖਿਆ ਲੈਂਦੇ ਹੁੰਦੇ ਹਨ। ਉਹ ਆਪਣਾ ਭੇਸ ਵਟਾ ਕੇ ਉਸਨੂੰ ਖਰੀਦਿਆ ਕਰਦੇ ਹਨ।—ਜੀ ਹਾਂ, ਇਹ ਗੱਲਾਂ ਉਸਦੇ ਦਿਮਾਗ 'ਚ ਬਹੁਤ ਸਮਾ ਚੁਕੀਆਂ ਹਨ। ਉਹ ਤੁਹਾਡੀ ਖਰੀਦਣ ਵਾਲੀ ਗਲ ਸੁਣ ਕੇ ਗਦ ਗਦ ਹੋ ਜਾਂਦਾ ਹੈ। ਬੇਸ਼ਕ ਉਸ ਲਈ ਤੁਸੀਂ ਉਹ ਦੇਵਤਾ ਹੁੰਦੇ, ਜਿਸਦੀ ਉਹ ਪਿਛਲੇ ਚਾਰ ਸਾਲਾਂ

ਤੋਂ, ਜਦੋਂ ਤੋਂ ਉਸਨੇ ਇਸ ਧਰਤੀ ਤੇ ਅੱਖਾਂ ਖੋਲੀਆਂ ਹਨ, ਇੰਤਜ਼ਾਰ ਕਰ ਰਿਹਾ ਹੈ। ਤੁਹਾਡੇ ਸਿਰ ਤੇ ਪਿਛੇ ਸੂਰਜ ਵੀ ਚਮਕ ਰਿਹਾ ਹੈ। ਉਸਦੇ ਗੋਲ ਗੋਲ ਨੂਰ 'ਚ ਤੁਹਾਡਾ ਚਿਹਰਾ ਵੀ ਚਮਕ ਰਿਹਾ ਹੈ। ਇਕ ਅਸਹਿ ਤੇਜ਼ ਤੁਹਾਡੇ ਨੂਰਾਨੀ ਚਿਹਰੇ ਤੇ ਵੀ ਚਮਕ ਰਿਹਾ ਹੈ। ਇਕ ਅਸਹਿ ਤੇਜ ਤੁਹਾਡੇ ਨੂਰਾਨੀ ਚਿਹਰੇ ਤੇ ਵਿਰਾਜਮਾਨ ਹੈ। ਇਹ ਸਾਰੇ ਲਛਣ ਮੇਰਾ ਪੁਤਰ ਸਿਆਣਦਾ ਹੈ। ਪਿਛਲੇ ਚਾਰ ਸਾਲਾਂ ਤੋਂ ਮੈਂ ਲਗਾਤਾਰ ਉਸ ਨੂੰ ਇੰਨ੍ਹਾ ਪੌਰਾਣਿਕ ਕਹਾਣੀਆਂ ਦੀ ਦੁਨੀਆਂ 'ਚ ਸੈਰ ਕਰਾਉਂਦਾ ਰਿਹਾ ਹਾਂ। ਮੈਂ ਉਸਨੂੰ ਸਤਯਵਾਦੀ ਹਰੀਸ਼ ਚੰਦਰ ਦੀ ਕਥਾ ਸੁਣਾਈ ਹੈ। ਜਦੋਂ ਮੈਂ ਉਸ ਨੂੰ ਕਥਾ ਸੁਣਾ ਰਿਹਾ ਸਾਂ ਤਾਂ ਰੋਂਦਿਆਂ ਰੋਂਦਿਆਂ ਉਸਦੀਆਂ ਹਿਚਕੀਆਂ ਲਗ ਗਈਆਂ ਸਨ। ਜਦੋਂ ਮੈਂ ਇਸ ਥਾਂ ਤੇ ਪੁਜਾ [illegible] ਰੀਸ਼ ਚੰਦਰ ਨੇ ਆਪਣੀ ਪਤਨੀ ਅਤੇ ਬੱਚੇ ਨੂੰ ਇਕ ਬਰਾਹਮਣ ਕੋਲ, ਅਤੇ ਖੁਦ ਆਪਣੇ ਆਪ ਨੂੰ ਇਕ ਡੂਮ ਕੋਲ ਨੀਲਾਮ ਕਰ ਦਿਤਾ ਸੀ, ਮਨੂੰ ਲਗਾ ਸੀ ਕਿ ਉਹ ਇਹ ਸਦਮਾ ਸਹਿ ਨਹੀਂ ਸਕਿਆ ਅਤੇ ਬੇਹੋਸ਼ ਹੋ ਗਿਆ ਹੈ। ਪਰ ਇਹ ਮੇਰਾ ਭੁਲੇਖਾ ਸੀ। ਕਹਾਣੀ ਦੇ ਅਖੀਰਲੇ ਅਧਿਆਏ ਤੀਕ ਪੁਜਦਿਆਂ ਸਭੋ ਕੁਝ ਬਦਲ ਚੁਕਾ ਸੀ। ਅਤੇ ਉਹ ਖੁਲ੍ਹਕੇ ਹਸ ਰਿਹਾ ਸੀ। ਬਰਾਹਮਣ ਅਤੇ ਡੂਮ ਸਭੇ ਦੇਵਤਾ ਸਨ, ਜਿਨ੍ਹਾਂ ਨੇ ਹਰੀਸ਼ ਚੰਦਰ ਉਤੇ ਫੁਲ ਬਰਸਾਏ ਅਤੇ ਉਸਨੂੰ ਸੁਰਗ ਦਾ ਅਧਿਕਾਰ ਦਿਤਾ ਸੀ।—ਉਦੋਂ ਤੋਂ ਮੇਰਾ ਪੁਤਰ ਆਪ ਆਪਣੇ ਨੂੰ ਵੇਚਣ ਲਈ ਬਹੁਤ ਕਾਹਲਾ ਅਤੇ ਸ਼ਰਧਾਲੂ ਹੈ। ਉਹ ਤੁਹਾਨੂੰ ਇਕਦਮ ਪਛਾਣ ਲਵੇਗਾ। ਤੁਸੀਂ ਸਮਝਦੇ ਹੋ ਕਿ ਉਹ ਆਪਣੇ ਵਿਕਣ ਦੀ ਗੱਲ ਤੇ ਰੋਣਾ ਸ਼ੁਰੂ ਕਰ ਦੇਵੇਗਾ। ਨਹੀਂ, ਸ਼੍ਰੀਮਾਨ ਜੀ। ਇਹ ਤਾਂ ਤੁਹਾਡਾ ਵਹਿਮ ਹੈ, ਉਹ ਤਾਂ ਇਸ ਪਵਿਤਰ ਦਿਨ ਦੀ ਪਿਛਲੇ ਚਾਰ ਸਾਲ ਤੋਂ ਇੰਤਜ਼ਾਰ ਕਰ ਰਿਹਾ ਹੈ।

× × ×

ਹਾਂ ਮੇਰੀ ਧੀ ਜ਼ਰੂਰ ਕੁਝ ਨਾਸਮਝ ਹੈ। ਉਹ ਤੁਹਾਨੂੰ ਵੇਖਕੇ ਖੁਸ਼ ਨਹੀਂ ਹੋਵੇਗੀ। ਇਸਦੇ ਬਾਵਜੂਦਕਿ ਤੁਸੀਂ ਉਸ ਨੂੰ ਢਿਡ ਭਰ ਕੇ ਖਾਣਾ ਖੁਆਉਗੇ, ਰੰਗੀਨ ਸਾੜ੍ਹੀਆਂ ਅਤੇ ਖੂਬਸੂਰਤ ਗਹਿਣੇ ਪਹਿਨਣ ਨੂੰ ਦਿਉਗੇ, ਜਿਹੜੇ ਉਹ ਆਪਣੀ ਜ਼ਿੰਦਗੀ 'ਚ ਪਹਿਲੀ ਵਾਰ ਪਹਿਨੇਗੀ। ਹੋ ਸਕਦਾ ਹੈ ਉਸਦੀਆਂ ਅੱਖਾਂ 'ਚ ਤੁਹਾਨੂੰ ਵੇਖਦਿਆਂ ਹੀ ਇਕ ਨਫਰਤ ਦਾ ਉਬਾਲ ਵੀ ਪੈਦਾ ਹੋਵੇ, ਪਰ ਉਹ ਸਿਰਫ ਕੁਝ ਕੁ ਪਲਾਂ ਲਈ ਹੀ ਹੋਵੇਗਾ, ਇਹ ਮੇਰਾ ਯਕੀਨ ਹੈ। ਥੋਹੜੀ ਦੇਰ ਪਿਛੋਂ ਹੀ ਉਹ ਤੁਹਾਡੇ ਇਸ ਮਾਯਾਵੀ ਤਿਲਸਮ 'ਚ ਖੋ ਜਾਵੇਗੀ ਅਤੇ ਸਭ ਕੁਝ ਭੁਲ ਜਾਵੇਗੀ। ਆਪਣੀ ਨਫਰਤ, ਆਪਣੀ ਘਿਰਣਾ, ਆਪਣੀ ਹੋਂਦ, ਸਾਡੀ ਹੋਂਦ—ਸਭੇ ਕੁਝ। ਉਸਨੂੰ ਲਗੇਗਾ ਕਿ ਅਸੀਂ ਉਸਨੂੰ ਵੇਚਕੇ ਉਸ ਤੇ ਪਰੋਪਕਾਰ ਹੀ ਕੀਤੀ ਹੈ—ਉਹ ਨਹੀਂ ਜਾਣਦੀ ਕਿ ਪੁਲਾਅ ਅਤੇ ਮਠਿਆਈਆਂ ਕੀ ਹੁੰਦੀਆਂ ਹਨ। ਉਹ ਨਹੀਂ ਜਾਣਦੀ ਕਿ ਉਬਲੇ ਹੋਏ ਇਕ ਮੁੱਠ ਚ ਉਲ ਅਤੇ ਸੱਤੂਆਂ ਤੋਂ ਇਲਾਵਾ ਵੀ ਹੋਰ ਕੁਝ ਖਾਇਆ ਜਾਂਦਾ ਹੈ। ਅਤੇ ਮੌਕੇ ਅਜਿਹੇ ਵੀ ਆਏ ਹਨ, ਜਦੋਂ ਉਸਨੂੰ ਇਹ ਵੀ ਨਸੀਬ ਨਹੀ ਹੋਇਆ। ਪਿਛਲਿਆਂ 16 ਸਾਲਾਂ ਤੋਂ ਉਹ ਇਵੇਂ ਹੀ ਆਪਣੀ ਪੇਟ ਪਾਲਣਾ ਕਰਦੀ ਆ ਰਹੀਹੈ। ਸੱਚੀਂ, ਮੈਂ ਕਿਨਾਂ ਗਲਤ ਸੋਚ ਰਿਹਾ ਸਾਂ ਕਿ ਉਹ ਤੁਹਾਨੂੰ ਵੇਖਕੇ ਖੁਸ਼ ਨਹੀਂ ਹੋਵੇਗੀ। ਉਹ ਤਾਂ ਤੁਹਾਡੇ ਪੈਰਾਂ ਤੇ ਡਿੱਗ ਪਵੇਗੀ, ਸਿਰਫ ਇਸੇ ਗੱਲ ਉੱਤੇ ਹੀ ਕਿ ਤੁਸੀਂ ਉਸਨੂੰ ਰੋਜ਼ ਇਕ ਵਕਤ ਸਤੂੰ ਦਿੰਦੇ ਰਹੋਗੇ। ਸਿਰਫ ਸੱਤੂ ਹੀ, ਅਤੇ ਪਾਉਣ ਲਈ ਪੁਰਾਣੀਆਂ ਉਤਾ[illegible]—ਜੀ ਹਾਂ, ਉਸਨੇ ਆਪਣੇ ਸਰੀਰ ਨੂੰ ਜਿਸ ਧੋਤੀ ਨਾਲ ਢਕਿਆ ਹੋਇਆ ਹੈ, ਤੁਸੀਂ ਠੀਕ ਕਹਿ ਰਹੇ ਹੋ, ਇਸਨੂੰ ਧੋਤੀ ਨਹੀਂ ਕਿਹਾ ਜਾਂ ਸਕਦਾ, ਸਿਰਫ ਤਿੰਨ ਗਜ ਦੇ ਕਪੜੇ ਦਾ ਟੁੱਕੜਾ ਹੈ ਇਹ, ਜਿਸ ਨਾਲ ਜਿਵੇਂ ਕਿਵੇਂ ਉਸਨੇ ਆਪਣੇ ਅੰਗ ਲਕੋਏ ਹੋਏ ਹਨ। ਪਿਛਲੇ ਦੋ ਸਾਲ ਤੋਂ ਲਗਾਤਾਰ ਉਹ ਇਹੋ ਬੰਨ੍ਹ ਰਹੀ ਹੈ। ਤਾਂ ਹੁਣ ਇਹ ਇਤਨਾ ਘਸ ਅਤੇ ਫਟ ਗਿਆ ਹੈ ਕਿ ਉਸ ਵਿੱਚ ਆਪਣੇ ਅੰਗ ਛਿਪਾਉਣਾ ਵੀ ਮੁਸ਼ਕਿਲ ਹੋ ਗਿਆ ਹੈ, ਜਿਨਾਂ ਨੂੰ ਤੁਸੀਂ ਆਪਣੀਆਂ ਕਾਮੀ ਅੱਖਾਂ ਨਾਲ ਲਗਾਤਾਰ ਘੂਰੀ ਜਾ ਰਹੇ ਹੋ। ਮੁਆਫ ਕਰਨਾ, ਤੁਸੀਂ ਮੇਰੇ ਲਈ ਪੂਜਨੀਯ ਹੋ, ਮੇਰੀ ਮਨਸ਼ਾ ਕਿਵੇਂ ਵੀ ਤੁਹਾਡਾ ਅਪਮਾਨ ਕਰਨ ਦੀ ਨਹੀਂ। ਮੈਂ ਇਹ ਕਰ ਵੀ ਕਿਵੇਂ ਸਕਦਾ ਹਾਂ। ਅਜਿਹਾ ਕਰਨ ਦਾ ਅਰਥ ਹੋਵੇਗਾ ਆਪਣੀ ਜੀਭ ਦੇ ਟੋਟੇ ਟੋਟੇ ਕਰ ਦੇਣਾ। ਸੱਚ ਮੁੱਚ ਧੀ ਹੌਲੀ ਹੌਲੀ ਸਮਝਦਾਰ ਹੁੰਦੀ ਜਾ ਰਹੀ ਹੈ। ਜਦੋਂ ਤੁਸੀਂ ਉਸਨੂੰ ਛੇ ਗਜ ਦੀ ਰੰਗੀਨ ਸਾੜ੍ਹੀ ਦਿਓਗੇ ਤਾਂ ਉਹ ਤੁਰੰਤ ਤੁਹਾਡੀ ਗੋਦੀ 'ਚ ਆ ਜਾਏਗੀ ਅਤੇ ਨਵੀ ਸਾੜੀ ਪਾਉਣ ਤੋਂ ਪਹਿਲਾਂ, ਆਪਣੀ ਉਸ ਪੁਰਾਣੀ ਤਿੰਨ ਗਜ ਵਾਲੀ ਧੋਤੀ ਨੂੰ ਲਾਹਕੇ ਖਿੜਕੀ ਤੋਂ ਬਾਹਰ ਸੁੱਟ ਦੇਵੇਗੀ ਅਤੇ ਤੁਹਾਨੂੰ ਸੁਰਗੀ ਝੂਟਾ ਦੇਵੇਗੀ... ਉਫ ਮੈਂ ਮੁੜ ਬਹਿਕ ਗਿਆ। ਮਜਾ ਉਹ ਨਹੀ, ਸਗੋਂ ਤੁਸੀਂ ਉਸਨੂੰ ਦਿਓਗੇ। ਤੁਸੀਂ ਦੇਵ ਪੁਰਖ ਹੋ, ਮਹਾਨ ਹੋ, ਪੂਜਨੀਯ ਵੀ। ਤੁਸੀਂ ਆਪ ਵੇਖੋ ਕਿ ਆਪਣੀ ਵਿਕਣ ਦੀ ਖਬਰ ਸੁਣਦਿਆਂ ਹੀ ਉਸਦੇ ਚਿਹਰੇ ਦੀ ਰੰਗਤ ਕਿਤਨੀ ਵਧ ਗਈ ਹੈ। ਉਸਦੇ ਸਰੀਰ ਦਾ ਮਾਸ ਕਿਤਨਾ ਭਰਿਆ ਹੋਇਆ ਨਜ਼ਰ ਆ ਰਿਹਾ ਹੈ। ਉਹ ਤੁਹਾਨੂੰ ਲਗਾਤਾਰ ਵੇਖ ਰਹੀ ਹੈ। ਉਸਦੇ ਪੂਰੇ ਸਰੀਰ 'ਚ ਥਰ ਥਰਾਹਟ ਹੈ। ਸ੍ਰੀ ਮਾਨ ਜੀ, ਤੁਸੀਂ ਗਲਤ ਨਾ ਸਮਝਣਾ। ਇਹ ਥਰਥਰਾਉਣਾ, ਉਸਦਾ ਇਹ ਦੁੱਖ ਤੁਹਾਡੇ ਲਈ ਕੋਈ ਵਿਦ੍ਰੋਹ ਨਹੀਂ ਹੈ। ਉਹ ਤੁਹਾਨੂੰ ਕਿੰਨੀਆਂ ਪਿਆਰੀਆਂ ਅੱਖਾਂ ਨਾਲ ਵੇਖ ਰਹੀ ਹੈ। ਪਿਛਲੇ ਸੋਲਾਂ ਸਾਲਾਂ ਤੋਂ ਲਗਾਤਾਰ ਖੁਦ ਨੂੰ ਹੀ ਖਾਂਦੀ ਆ ਰਹੀ ਹੈ। ਆਪਣੇ ਢਿੱਡ ਨੂੰ ਚਬਾ ਚਬਾ ਕੇ ਉਸਨੇ ਖੁਦ ਨੂੰ ਕੰਡਾ ਬਣਾ ਲਿਆ ਹੈ। ਹੁਣ ਉਸਦੀ ਬਦਕਿਸਮਤੀ ਦਾ ਰਾਖਸ਼ਸ ਮਰ ਚੁਕਾ ਹੈ। ਉਸਦੀ ਕਿਸਮਤ ਦਾ ਸੂਰਜ ਚਮਕ ਰਿਹਾ ਹੈ। ਹੁਣ ਉਸਨੂੰ ਤੁਹਾਡੇ ਜਿਹਾ ਰਖਿਅਕ ਮਿਲਿਆ ਹੈ। ਜਿਸਦੀ ਵਚਿਤਰ ਛੱਤਰ ਛਾਇਆ ਵਿਚ ਉਹ ਵੱਧ ਫੁੱਲ ਸਕੇਗੀ। ਗਾ ਸਕੇਗੀ, ਖੇਡ ਸਕੇਗੀ। ਜੀ ਹਾਂ ਤੁਸੀਂ ਠੀਕ ਸੁਣਿਆ ਸੀ, ਪਰ ਉਦੋਂ ਉਹ ਬੇਵਕੂਫ ਸੀ ਨਾ ਸਮਝ ਵੀ। ਅਤੇ ਤੁਹਾਡੇ ਜਿਹੇ ਮਹਾਪੁਰਖ ਦੀ ਛਾਂ ਤੋਂ ਦੂਰ ਸੀ। ਹਾਂ ਇਹ ਪਿਛਲੇ ਸਾਲ ਦੀ ਹੀ ਤਾਂ ਗੱਲ ਹੈ. ਜਦੋਂ ਉਸਨੇ ਵਿਕਣ ਤੋਂ ਨਾਂਹ ਕਰ ਦਿੱਤੀ ਸੀ ਅਤੇ ਚੀਕਾਂ ਮਾਰ ਮਾਰਕੇ ਸਾਰਾ ਸ਼ਹਿਰ ਇੱਕਠਾ ਕਰ ਲਿਆ ਸੀ। ਆਪਣੇ ਖਰੀਦਦਾਰ ਨੂੰ ਮਾਰ ਮਾਰ ਕੇ ਕੱਢ ਦਿਤਾ ਸੀ। ਉਸਦੇ ਚਿਹਰੇ ਨੂੰ ਆਪਣੇ ਨਹੁੰਦਰਾਂ ਨਾਲ ਨੋਚ ਲਿਆ ਸੀ।—ਹੈਂ। ਤੁਸੀਂ ਤਾਂ ਉੱਠ ਚੱਲੇ। ਤੁਸੀਂ ਘਬਰਾਓ ਨਾ। ਮੈਂ ਦਸਿਆ ਨਹੀਂ ਕਿ ਉਦੋਂ ਉਹ ਨਾਸਮਝ ਸੀ, ਪਾਗਲ ਸੀ ਹੁਣ ਤਾਂ ਸਮਝਦਾਰ ਹੋ ਚੁੱਕੀ ਹੈ। ਆਪਣੀ ਇੱਕੋ ਗਲਤੀ ਤੇ ਉਹ ਜ਼ਾਰ ਜ਼ਾਰ ਰੋ ਰਹੀ ਹੈ। ਮੁੜ ਮੁੜ ਪਛਤਾਈ ਹੈ। ਹੁਣ ਉਹ ਅਜਿਹੀ ਗਲਤੀ ਨਹੀਂ ਕਰ ਸਕਦੀ। ਉਹ ਆਪਣੀ ਤਕਦੀਰ ਪਛਾਣ ਚੁੱਕੀ ਹੈ।... ਤੁਸੀਂ ਵੇਖੋ ਉਹ ਹੱਸ ਰਹੀ ਹੈ।—ਸ੍ਰੀ ਮਾਨ ਜੀ, ਮੈਂ ਗਲਤ ਨਹੀਂ ਸੀ ਕਿਹਾ, ਦੇਖੋ। ਤੁਹਾਡੀ ਦਿਤੀ ਹੋਈ ਸਾੜ੍ਹੀ ਨੂੰ ਲਗਾਉਣ ਲਈ ਉਹ ਕਿਤਨੀ ਕਾਹਲੀ ਪਈ ਹੋਈ ਹੈ। ਉਸਨੇ ਆਪਣੇ ਸਰੀਰ ਦੀ ਤਿੰਨ ਗਜ ਦੀ ਧੋਤੀ ਲਾਹੁਣੀ ਸ਼ੁਰੂ ਦਿਤੀ ਹੈ, ...ਸਾਡੇ ਸਾਰਿਆਂ ਦੇ ਸਾਹਮਣੇ ਹੀ।...

ਜੀ ਹਾਂ, ਮੇਰੀ ਪਤਨੀ ਤਾਂ ਕਈ ਸਾਲ ਪਹਿਲਾਂ ਹੀ ਸਮਝ ਚੁਕੀ ਸੀ ਕਿ ਸਾਨੂੰ ਆਪਣੇ ਆਪ ਨੂੰ ਵੇਚ ਦੇਣਾ ਚਾਹੀਦਾ ਹੈ, ਪਰ ਉਨ੍ਹਾਂ ਦਿਨਾਂ 'ਚ ਮੇਰੇ ਸਿਰ ਤੇ ਇਕ ਭੂਤ ਸਵਾਰ ਸੀ। ਜੋ ਘੜੀ ਮੁੜੀ ਮੈਨੂੰ ਆਪਣੇ ਫੈਸਲੇ 'ਚ ਕਮਜ਼ੋਰ ਕਰ ਰਿਹਾ ਸੀ। ਹੁਣ ਉਹ ਭੂਤ ਮੈਂ ਆਪਣੇ ਸਿਰ ਤੋਂ ਲਾਹ ਦਿੱਤਾ ਹੈ, ਜੀ ਹਾਂ—ਤੁਸੀਂ ਠੀਕ ਕਹਿ ਰਹੇ ਹੋ। ਮੈਂ ਹਤਿਆਰਾ ਹਾਂ, ਕਾਤਿਲ ਹਾਂ, ਮੈਂ ਆਪਣੇ ਉਸ ਭੂਤ ਦੀ ਹੱਤਿਆ ਕੀਤੀ ਹੈ। ਅਤੇ ਉਸਦੇ ਸਰੀਰ ਦੇ ਟੁਕੜੇ ਟੁਕੜੇ ਕਰਕੇ ਕਬਰਿਸਤਾਨ 'ਚ ਦਫਨਾ ਦਿਤਾ ਹੈ। ਹੁਣ ਤੁਸੀਂ ਉਸਦੀ ਲਾਸ਼ ਵੀ ਨਹੀਂ ਲੱਭ ਸਕਦੇ। ਮੈਂ ਉਸਤੋਂ ਪੂਰੀ ਤਰਾਂ ਛੁਟਕਾਰਾ ਪਾ ਚੁੱਕਾ ਹਾਂ, ਮੇਰੀ ਪਤਨੀ ਤੇ ਤੁਹਾਨੂੰ ਦਿਆਵਨ ਹੋਣ ਦੀ ਲੋੜ ਨਹੀਂ। ਉਹ ਹਾਲੇ ਬੱਢੀ ਥੋੜੇ ਹੋਈ ਹੈ। ਅਜੇ ਤਾਂ ਉਸਦੇ ਚਿਹਰੇ ਤੇ ਖਿੱਚ ਪਾਉਣ ਵਾਲੀ ਰੌਣਕ ਹੈ। ਤੁਸੀਂ ਹੈਰਾਨ ਹੋ ਰਹੇ ਹੋ। ਕਿ ਕਈ ਦਿਨਾਂ ਤੀਕ ਭੁਖਿਆਂ ਰਹਿਣ ਦੇ ਕਾਰਣ ਉਸਦੇ ਚਿਹਰੇ ਤੇ ਇਤਨੀ ਖਿੱਚ ਕਿਉ ਹੈ?—ਤੁਸੀਂ ਠੀਕ ਕਹਿ ਰਹੇ ਹੋ। ਤੁਹਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਇਹੋ ਤਾਂ ਇਕ ਚੀਜ਼ ਸਾਨੂੰ ਵਰਦਾਨ ਮਿਲੀ ਹੈ ਕਿ ਜਿਸਦੇ ਆਸਰੇ ਅਸੀਂ ਕਦੇ ਵੀ ਆਪਣੇ ਆਪ ਨੂੰ ਤੁਹਾਡੇ ਜਿਹੇ ਮਹਾਨ ਅਤੇ ਸਭਿਆ ਆਦਮੀ ਦੇ ਹਥ ਵੇਚ ਸਕਦੇ ਹਾਂ। ਪਹਿਲਾਂ ਇਹ ਭੂਤ ਮੇਰੀ ਪਤਨੀ ਦੇ ਸਿਰ ਤੇ ਵੀ ਸਵਾਰ ਹੋਇਆ ਸੀ। ਓਦੋਂ ਉਹ ਇੱਟਾਂ ਢੋਂਦੀ ਸੀ ਪਤਨੀ ਦਾ ਭੂਤ ਉਸ ਸਮੇਂ ਤਰ੍ਹਾਂ ਤਰ੍ਹਾਂ ਦੇ ਕੰਮ ਕਰਵਾਉਂਦਾ ਰਿਹਾ। ਆਪਣੇ ਆਪ ਨੂੰ ਖਰਾਬ ਤੇ ਨਸ਼ਟ ਕਰਦੀ ਰਹੀ। ਪਰ ਤੁਹਾਡੇ ਜਿਹੇ ਸਭਿਆ ਆਦਮੀ ਨੇ ਪਿੱਛਾ ਨ ਛੱਡਿਆ। ਹੈਂ... ਤੁਸੀਂ ਤਾਂ ਨਾਰਾਜ਼ ਹੋਣ ਲੱਗੇ ਹੋ, ਸ੍ਰੀ ਮਾਨ ਜੀ। ਮੈਂ ਤਾਂ ਆਪਣੀ ਮੂਰਖਤਾ ਦਾ ਰੋਣਾ ਰੋ ਰਿਹਾ ਹਾਂ। ਮੇਰੇ ਕਹਿਣ ਦਾ ਸਿਰਫ ਅਰਥ ਇਹੋ ਸੀ ਕਿ ਓਦੋਂ ਵੀ ਤੁਹਾਡੇ ਜਿਹੇ ਉਪਕਾਰੀ ਮਹਾਂਪੁਰਖ ਮਿਲੇ ਸਨ ਪਰ ਅਸੀਂ ਉਨਾਂ ਨੂੰ ਪਛਾਣਿਆਂ ਨਹੀਂ ਸੀ। ...ਅਤੇ ਮੇਰੀ ਪਤਨੀ ਦਾ ਭੂਤ ਆਪਣੇ ਆਪ ਉਤਰਦਾ ਚਲਿਆ ਗਿਆ।

ਜੀ ਹਾਂ, ਅਸੀਂ ਸਾਰੇ ਤਿਆਰ ਹਾਂ। ਮੇਰਾ ਸਾਰਾ ਪਰਿਵਾਰ ਤੁਹਾਡੇ ਕੋਲ ਵਿਕਣ ਲਈ ਤਿਆਰ ਹੈ। ਅਤੇ ਮੇਰੀ ਪਤਨੀ ਅਤੇ ਧੀ ਦੋਵੇਂ ਤੁਹਾਡੀਆਂ ਸਾੜ੍ਹੀਆਂ ਅਤੇ ਮਠਿਆਈਆਂ ਨੂੰ ਬਹੁਤ ਲੋਲੁਪ ਲਲਚਾਈਆਂ ਨਜ਼ਰਾਂ ਨਾਲ ਵੇਖ ਰਹੀਆਂ ਹਨ। ਉਹ ਹੀ ਨਹੀਂ, ਮੈਂ ਵੀ। —ਮੇਰਾ ਪੁਤਰ ਅਜੇ ਮੁੜਿਆ ਨਹੀਂ। ਸ਼ਾਇਦ ਉਹ ਕਿਧਰੇ ਖੇਡਣ 'ਚ ਰੁੱਝ ਗਿਆ ਹੈ। ਪਰ ਮੈਨੂੰ ਪੂਰਾ ਭਰੋਸਾ ਹੈ ਕਿ ਉਹ ਤੁਹਾਨੂੰ ਵੇਖਦਿਆਂ ਹੀ ਉਛੱਲ ਕੇ ਤੁਹਾਡੀ ਗੋਦੀ 'ਚ ਚੜ੍ਹ ਜਾਵੇਗਾ।

ਪਰ ਇਹ ਮੇਰੀ ਕਿੰਨੀ ਬਦਕਿਸਮਤੀ ਹੈ ਜੋ ਮੈਂ ਇਹ ਜਾਣਦਾ ਹਾਂ ਕਿ ਤੁਸੀਂ ਮਨੁੱਖੀ—ਰੂਪ ਧਾਰੀ ਫਿਰਦੇ, ਪੌਰਾਣਕ ਕਹਾਣੀਆਂ ਵਾਲੇ ਦੇਵ ਪੁਰਖ ਨਹੀਂ ਹੋ। ਕਾਸ਼ ! ਮੈਂ ਵੀ ਆਪਣੇ ਪੁੱਤਰ ਵਾਂਗ ਘੱਟ ਉਮਰ ਦਾ ਅਤੇ ਨਾ ਸਮਝਦਾਰ ਹੁੰਦਾ।

# ਵਲੈਤ ਦਾ ਪਾਣੀ

(ਡਾ: ਹਰਚਰਨ ਸਿੰਘ)

ਏਅਰ ਇੰਡੀਆ ਦਾ ਜਹਾਜ਼ ਸਵੇਰੇ ਤਿੰਨ ਵਜੇ ਦੇ ਕਰੀਬ ਲੰਡਨ ਹਵਾਈ ਅੱਡੇ ਤੇ ਪੁੱਜਾ। ਐਲਾਨ ਹੋਇਆ ਕਿ ਨੀਊ ਯਾਰਕ ਨੂੰ ਜਾਣ ਵਾਲੇ ਮੁਸਾਫ਼ਰ ਦੋ ਘੰਟੇ ਲਈ ਹੇਠ ਉਤਰ ਕੇ ਘੁੰਮ ਫਿਰ ਸਕਦੇ ਹਨ। ਜਹਾਜ਼ ਦੇ ਦਰਵਾਜ਼ੇ ਨਾਲ ਇਕ ਵਰਾਂਡਾ ਨੁਮਾ ਸੀੜੀ ਜੋੜ ਦਿਤੀ ਗਈ ਤੇ ਅਸੀਂ ਪੰਜਾਹ ਸੱਠ ਮੁਸਾਫਰ ਅੰਦਰੋਂ ਅੰਦਰੀ ਲੰਮਾਂ ਰਾਹ ਤੁਰ ਕੇ ਇਕ ਸੁੰਦਰ ਵਿਸ਼ਾਲ ਉਡੀਕ-ਹਾਲ ਵਿਚ ਪੁੱਜੇ ਜਿਥੇ ਕੁਵੇਲਾ ਹੋਣ ਕਾਰਨ ਸਭ ਕੁਝ ਮੂਧੇ ਮੂੰਹ ਪਿਆ ਸੀ। ਸਿਵਾਏ ਏਅਰ ਇੰਡੀਆ ਦੇ ਕਊਂਟਰ ਦੇ ਬਾਕੀ ਸਭ ਪਾਸੇ ਚੁਪ ਚਾਂ ਵਰਤੀ ਹੋਈ ਸੀ, ਧੁਰ ਕੋਨੇ ਵਿਚ ਪੁਸਤਕਾਂ, ਅਖ਼ਬਾਰਾਂ ਤੇ ਸੁਗਾਤਾਂ ਵਾਲੀ. ਦੁਕਾਨ ਉਤੇ ਇਕ ਗੋਰੀ ਕੁੜੀ ਖੜੀ ਮੁਸਕ੍ਰਾਹਟ ਦਵਾਰਾ ਹਰ ਯਾਤਰੂ ਦਾ ਸਵਾਗਤ ਕਰ ਰਹੀ ਸੀ।

ਸਭ ਤੋਂ ਪਹਿਲਾਂ ਮੈਂ ਸਾਫ ਤੇ ਲਿਸ਼ਕਦੇ ਬਾਥਰੂਮ ਦਾ ਰੁਖ ਕੀਤਾ। ਅੰਦਰ ਪੈਰ ਧਰਦੇ ਸਾਰ ਇਕ ਸਫੇਦ ਪਗੜੀ ਤੇ ਦੂਧ ਚਿੱਟੀ ਦਾੜੀ ਵਾਲਾ ਸਰਦਾਰ ਬਾਂਸ ਦੇ ਲੰਮੇ ਝਾੜੂ ਨਾਲ ਗੁਸਲਖਾਨਾ ਸਾਫ ਸਕਦਾ ਦਿਸਿਆ। ਜ਼ਰਾ ਕੁ ਝਾਕ ਕੇ ਉਹ ਪਿਠ ਮਰੋੜ ਕੇ ਆਪਣੇ ਕੰਮ ਲੱਗਾ ਰਿਹਾ। ਮੇਰੇ ਵਲੋਂ ਬੁਲਾਈ ਸਤਿ ਸ੍ਰੀ ਅਕਾਲ ਦਾ ਉੱਤਰ ਵੀ ਉਸ ਨੇ ਮੂੰਹ ਵਿਚ ਹੀ ਗੁਣ ਗੁਣਾਇਆ। ਪਰ ਮੈਂ ਉਸ ਦੀ ਪਗੜੀ ਤੇ ਚਾਲ ਢਾਲ ਤੋਂ ਕੁਝ ਤਾੜ ਗਿਆ ਸਾਂ।

"ਸਰਦਾਰ ਜੀ, ਤੁਸੀਂ ਤਾਂ ਦੁਆਬੀਏ ਭਰਾ ਲਗਦੇ ਓ ?" ਉਹ ਇਕ ਦਮ ਮੁੜ ਕੇ ਕਹਿਣ ਲੱਗਾ, "ਤੈਂ ਕਿੱਦਾ ਪਛਾਣਿਆਂ ?"

"ਤੇਰੀ ਤੈਂ ਤੋਂ ਨਾਲੇ ਟੈਂ ਤੋਂ ?"

ਪਹਿਲੀ ਦਫ਼ਾ ਉਸ ਦੀਆਂ ਮੁੱਛਾਂ ਥਾਣੀ ਮੁਸਕ੍ਰਾਹਟ ਦੀ ਝਲਕ ਵੱਜੀ।

"ਕਿਹੜਾ ਪਿੰਡ ਆ ਤੇਰਾ ?"

ਉੱਤਰ ਦੇਣ ਦੀ ਥਾਂ ਮੈਂ ਉਹਨੂੰ ਜਵਾਬੀ ਸਵਾਲ ਕਰ ਮਾਰਿਆ, "ਤੁਹਾਡਾ ਪਿੰਡ ਤਾਂ ਮੈਨੂੰ ਗੜ੍ਹ ਸ਼ੰਕਰ ਲਾਗੇ ਲਗਦਾ।" "ਹਾਂ ਹਾਂ, ਮੈਂ ਬਗਵਾਈਂ ਦਾਂ, ਤੂੰ ਮੈਨੂੰ ਕਿਤੇ ਦੇਖਿਆ ਹੋਊ", "ਤੁਹਾਡੇ ਪਿੰਡ ਮੇਰੀ ਇਕ ਮਾਸੀ ਏ, ਮਾਸੜ ਐਨ ਤੁਹਾਡੇ ਵਾਂਗ ਪਗ ਬੰਨ੍ਹਦਾ, ਮੇਰਾ ਅੰਦਾਜ਼ ਠੀਕ ਹੀ ਨਿਕਲਿਆ।" "ਤਾਂ ਤਾਂ ਤੂੰ ਫੇਰ ਅਪਣਾ ਗਰਾਈਂ ਨਿਕਲਿਆਂ।'

"ਬਿਲਕੁਲ, ਤੁਹਾਡਾ ਨਾਂ ਕੀ ਹੈ ਭਲਾ ?"

ਮੇਰਾ ਨਾਮ ਹਜ਼ੂਰਾ ਸਿੰਘ ਆ।

ਸਰਦਾ'ਰ ਹਜ਼ੂਰਾ ਸਿੰਘ ਜੀ ਤੁਹਾਨੂੰ ਇਥੇ ਦੇਖ ਕੇ ਪਹਿਲੀ ਹੈਰਾਨੀ ਪੱਲੇ ਪਈ ਏ।

ਉਹ ਕਿਆ ?

ਮੈਂ ਸੁਣਿਆ ਹੋਇਆ ਸੀ ਕਿ ਤੁਹਾਡੀ ਉਮਰ ਵਾਲੇ ਨੂੰ ਇੰਗਲੈਂਡ ਵਿਚ ਕੰਮ ਕਰਨ ਦੀ ਲੋੜ ਨਹੀਂ ਰਹਿੰਦੀ, ਘਰ ਬੈਠੇ ਪੈਨਸ਼ਨ ਮਿਲਦੀ ਏ।

ਤੈਨੂੰ ਟਪਲਾ ਲੱਗਾ ਲਗਦੈ, ਮੇਰੀ ਉਮਰ ਤਰਬੰਜਾ ਸਾਲ ਆ।

ਹੈਂ ! ਤਰਵੰਜਾ ਸਾਲ ? ਪਰ ਤੁਸੀ ਲਗਦੇ ਤਾਂ ਸੱਠਾਂ ਤੋਂ ਕਿਤੇ ਉਤੇ ਓ।

ਮੈਨੂੰ ਨਜ਼ਲਾ ਰਹਿੰਦੈ। ਅਸਲ 'ਚ ਮੈਨੂ ਵਲੈਤ ਦਾ ਪਾਣੀ ਮਾਫਕ ਨਹੀਂ ਆਇਆ।

ਇਥੇ ਪਾਣੀ ਪੀਣ ਦੀ ਕੀ ਲੋੜ ਏ, ਦੁਧ, ਜੂਸ, ਬੀਰ ...

ਇਥੇ ਦੁਧ ਪੀਣ ਦਾ ਕਿਆ ਫੈਦਾ ?

ਕਿਉਂ ?

ਅਸਲੋਂ ਫੋਕਾ। ਇਨ੍ਹਾਂ ਦੇ ਦੁਧ ਵਿਚ ਜਾਨ ਈ ਨਹੀਂ, ਇਹ ਕਿਹੜਾ ਸਾਡੇ ਆਂਗੂ ਗਾਈਆਂ ਨੂੰ 'ਬੜੇਵੇਂ' ਪਾਉਂਦੇ ਨੇ।

ਮੈਂ ਮੁਸ਼ਕਲ ਨਾਲ ਹਾਸਾ ਰੋਕਦਾ ਹੋਇਆ ਬੋਲਿਆ, "ਮੈਂ ਤਾਂ ਸਮਝਦਾਂ ਇਥੇ ਪਸ਼ੂਆਂ ਦੀ ਖੁਰਾਕ ਸਾਥੋਂ ਕਿਤੇ ਵਧੀਆ ਤੇ ਵਿਗਿਆਨਕ ਢੰਗ ਦੀ ਹੈ। ਸਾਥੋਂ ਕਈ ਗੁਣਾਂ ਵਧ ਦੁਧ ਦੇਂਦੀਆਂ ਨੇ ਇਨ੍ਹਾਂ ਦੀਆਂ ਗਾਈਆਂ।

"ਸਾਡੇ ਦੋਧੀ ਵੀ ਠੱਠਲ ਪਾਕੇ ਦੁਧ ਵਧਾ ਲੈਂਦੇ ਆ। ਕਿਆ ਫੈਦਾ। ਦੂਰ ਬੈਠਿਆਂ ਨੂੰ ਕਈ ਭੁਲੇਖੇ ਹੋਣੇ ਆ, ਇਥੇ ਰਹੋਂ ਤਾਂ ਪਤਾ ਲੱਗੇ।"

"ਫੇਰ ਮੁਰਗੇ ਸ਼ਰਗੇ ਛਕਿਆ ਕਰੋ, ਨਜ਼ਲਾ ਸਹੁਰੀ ਦਾ ਕਿਥੇ ਠਹਿਰ ਸਕਦੈ।"

"ਮੁਰਗੇ ਦੀ ਤੂੰ ਭਲੀ ਕਹੀ ਆ, ਇਥੇ ਦੇ ਮੁਰਗਿਆਂ ਵਿਚ ਉੱਕਾ ਜਾਨ ਨਹੀਂ, ਫੋਕੇ, ਭੋਰਾ ਸੁਆਦ ਨਹੀਂ ਆਉਂਦਾ।

ਉਹ ਕਿਸ ਤਰ੍ਹਾਂ ?

ਸਾਲ ਸਾਲ ਫਰਿੱਜਾਂ ਬਿਚ ਪਏ ਤਰੱਕਦੇ ਰਹਿੰਦੇ ਆ। ਮੂੰਹ ਲਾਣ ਨੂੰ ਜੀ ਨਹੀਂ ਕਰਦਾ। ਸਾਡੇ ਪਿੰਡ ਬਿਚ ਇਕ ਕੁੱਕੜ ਬਣਦਾ ਹੁੰਦਾ ਸੀ ਸਾਰੇ ਪਿੰਡ 'ਚ ਖਬਰ ਖਿੰਡਰ ਜਾਂਦੀ ਸੀ ਪਈ ਫਲਾਣੇ ਦੇ ਘਰ ਮਹਾਂ ਪ੍ਰਸ਼ਾਦ ਰਿਝਦਾ। ਮਾਰ ਲਪਟਾਂ ਆਉਦੀਆਂ. ਖਾਣ ਦੀ ਅਜਬ ਲੱਜਤ ਆਉਂਦੀ।

ਹਜ਼ੂਰਾ ਸਿੰਘ ਨੂੰ ਪੁਰਾਣੀਆਂ ਯਾਦਾਂ ਨੇ ਹਲੂਣ ਦਿਤਾ ਸੀ।

ਹਜ਼ੂਰਾ ਸਿੰਘ ਜੀ, ਮੰਨੋ ਨਾ ਮੰਨੋ, ਤੁਸੀ ਬਹੁਤ ਖੁਸ਼ ਕਿਸਮਤ ਓ।

ਉਹ ਕਿੱਦਾਂ ?

ਜਿਹੋ ਜਹੀ ਥਾਂ ਤੇ ਤੁਸੀ ਕੰਮ ਕਰਦੇ ਓ ਉਥੇ ਬੰਦਾ ਸੌ ਸਾਲ ਤਕ ਬੁੱਢਾ ਨਹੀਂ ਹੋ ਸਕਦਾ।

ਕਿਆ ਮਤਲਬ ?

ਇਥੇ ਰੋਜ਼ ਦਿਹਾੜੀ ਹਜ਼ਾਰਾਂ ਲਖਾਂ ਅਧ-ਨੰਗੀਆਂ ਗੋਰੀਆਂ ਮੇਮਾਂ ਝਾਕਣ ਨੂੰ।

ਅਤਰ ਫੁਲੇਲ ਦੀ ਵਾਸ਼ਨਾ ਨਾਲ ਹੀ ਬੰਦਾ ਮੁਗਧ ਹੋਇਆ ਰਹਿੰਦ । ਇਥੇ ਤਾਂ ਬੰਦਾ ਉਂਝ ਹੀ ਫੁਲ ਵਾਂਗ ਟਹਿਕਿਆ ਰਹਿੰਦੈ ।

'ਸਰਦਾਰਾ, ਤੂੰ ਤਾਂ ਮਸ਼ਕੂਲੇ ਕਰਦਾ, ਆਪਾਂ ਉਸ ਬਰੇਸ ਤੋਂ ਲੰਘ ਚੁਕੇ ਆਂ, ਹੁਣ ਤਾਂ ਅੱਖ ਭਰਕੇ ਨਹੀਂ ਝਾਕੀਦਾ, ਬਸ ਆਪਣੇ ਕੰਮ ਨਾਲ ਵਾਸਤਾ ਰਖੀਦਾ ।

ਕੀ ਰੋਜ਼ ਰਾਤ ਦੀ ਡੀਊਟੀ ਹੁੰਦੀ ਏ ?

ਹਾਂ, ਰਾਤ ਦੇ ਬਾਰਾਂ ਵਜੇ ਤੋਂ ਸਵੇਰ ਦੇ ਅੱਠ ਵਜੇ ਤਕ । ਫੇਰ ਖਾ ਪੀ ਕੇ ਸੌਂ ਰਹਿੰਦਾ । ਸ਼ਾਮ ਨੂੰ ਚਾਰ ਘੰਟੇ ਓਵਰਟੈਮ ਵੀ ਲਾਉਂਦਾ । ਕਿਤੇ ਕਿਤੇ ਸੰਡਾ ਵੀ ਲਾ ਲੈਂਦਾ ।

ਫੇਰ ਤਾਂ ਚੰਗੇ ਪੌਂਡ ਰੋਲਦੇ ਹੋਵੋਗੇ । ਕੀ ਕਰਦੇ ਓ ਐਨੇ ਪੌਂਡਾ ਨੂੰ ।

ਜ਼ਮੀਨ ਖ਼ਰੀਦੀ ਆ ਪੀਲੀ ਭੀਤ (ਯੂ. ਪੀ.) ਬਿਚ । ਬਾਕੀ ਭਰਾ ਭਾਈ ਉਥੇ ਵਾਹੀ ਖੇਤੀ ਕਰਦੇ ਆ ।

"ਤੂੰ ਵੀ ਤਾਂ ਇਥੇ ਬੱਲਦਾਂ ਦੀ ਜੂਨ ਭੋਗਦਾ," ਮੈਂ ਮਨ ਵਿਚ ਸੋਚਿਆ, "ਕੁਝ ਖਾਇਆ ਪੀਆ ਵੀ ਕਰ, ਬੱਬਰ ਕਾਲੀਆਂ ਦੀ ਧਰਤੀ ਨੂੰ ਲਾਜ ਨਾ ਲਾ ।"

'ਤੈਨੂੰ ਕਿਆ ਖ਼ਬਰ ਆ, ਰੋਜ਼ ਨੁਚੜਦੇ ਨੁਚੜਦੇ ਪਰੌਂਠੇ ਖਾਂਦਾਂ ।'

ਘਿਉ ਕਿਥੋਂ ਲੈਂਦੇ ?

'ਘੇ ਮੱਖਣ ਤਾੜ ਕੇ ਹਫ਼ਤੇ ਦੇ ਹਫ਼ਤੇ ਬਣਾ ਲੈਂਦਾ ।'

ਉਹ ਸਭ ਕੁਝ ਭੁਲ ਭੁਲਾ ਕੇ ਮੇਰੇ ਨਾਲ ਗੱਲ੍ਹੀਂ ਜੁਟਿਆ ਹੋਇਆ ਸੀ । ਮੈਨੂੰ ਡਰ ਸੀ ਕਿ ਉਸਨੂੰ ਵਿਹਲਾ ਬੈਠਾ ਦੇਖ ਕੇ ਕੋਈ ਅਫਸਰ ਤਾੜ ਨਾ ਲਵੇ ।

'ਹਜ਼ੂਰਾ ਸਿੰਘ ਜੀ, ਤੁਹਾਨੂੰ ਕੋਈ ਗੁਸੇ ਨਾ ਹੋਵੇ ਮੇਰੇ ਕੋਲ ਬੈਠਾ ਦੇਖ ਕੇ ।'

'ਇਥੇ ਕੋਈ ਨਹੀਂ ਟੋਕਦਾ । ਕੰਮ ਚਾਹੁੰਦੇ ਆ ਬਧੀਆ । ਜ਼ਰਾ ਝਾਤੀ ਮਾਰ ਓਦਰ, ਫਰਸ਼ ਐਨ ਟਿਚਨ ਰੱਖੀਦਾ । ਮਜਾਲ ਐ ਇਕ ਧੱਬਾ ਨਜ਼ਰ ਪੈ ਜਾਏ । ਇਹ ਸਾਡੇ ਲੋਕਾਂ ਦੀ ਬਹੁਤ ਇੱਜ਼ਤ ਕਰਦੇ ਆ । ਇਨ੍ਹਾਂ ਨੂੰ ਕੰਮ ਪਿਆਰਾ ਚੰਮ ਨਹੀਂ ।

'ਚੰਗੇ ਕਾਮੇ ਦੀ ਹਰ ਥਾਂ ਕਦਰ ਹੁੰਦੀ ਏ ।' 'ਇਥੇ ਲੋਕੀ ਕੰਮ ਬਿਚ ਜ਼ਰਾ ਬੇਈਮਾਨੀ ਨਹੀਂ ਕਰਦੇ, ਹਰ ਕੋਈ ਜਾਨ ਹੂਲ ਕੇ ਕੰਮ ਕਰਦੈ ।'

ਪਰ ਸਾਡੇ ਮੁਲਕ ਵਿਚ ਇਸ ਤੋਂ ਅਸਲੋਂ ਉਲਟ ਏ । ਕੋਈ ਵੀ ਕੰਮ ਨਹੀਂ ਕਰਦਾ, ਵਜ਼ੀਰ ਤੋਂ ਸੇਵਾਦਾਰ ਤਕ, ਸਭ ਨਿਕਮੇ । ਜੇ ਇਨ੍ਹਾਂ ਤੋਂ ਚੋਥਾ ਹਿੱਸਾ ਵੀ ਕਮ ਕਰਨ ਤਾਂ ਦਿਨਾਂ ਵਿਚ ਭਾਰਤ ਦੀ ਕਾਇਆ ਪਲਟ ਜਾਏ ।

ਸੁਣਿਆ, ਉਥੇ ਮੰਗਿਆਈ ਬਹੁਤ ਐ, ਹਰ ਚੀਜ਼ 'ਚ ਰਲਾ ਹੁੰਦਾ ।

'ਹਜ਼ੂਰਾ ਸਿੰਘ ਜੀ, ਆਪਣਾ ਮੁਲਕ ਬਾਹਰ ਆ ਕੇ ਨਿੰਦਿਆ ਨਹੀਂ ਜਾਂਦਾ, ਪਰ ਬਹੁਤ ਹੀ ਬੁਰੀ ਹਾਲਤ ਏ ।' ਪਰ ਇਥੇ ਤਾਂ ਰਲੇ ਦਾ ਨਾਮ ਨਸ਼ਾਨ ਨਹੀਂ, ਹਰ ਚੀਜ਼ ਨਖਾਲਸ ਮਿਲਦੀ ਆ । ਖਾਣ ਪੀਣ ਦੀਆਂ ਚੀਜ਼ਾਂ ਬਹੁਤ ਸਸਤੀਆਂ ।

ਇਹ ਲੋਕ ਬਹੁਤ ਸਿਆਣੇ ਨੇ । ਵਪਾਰ ਵਿਚ ਪੁਜ ਕੇ ਦਿਆਨਤਦਾਰ, ਤੇ ਰਾਜਨੀਤੀ ਵਿਚ ਹੱਦ ਦਰਜੇ ਦੇ ਬੇਈਮਾਨ । ਅਸੀਂ ਇਨ੍ਹਾਂ ਤੋਂ ਐਨ ਉਲਟ ਆਂ ।

ਅੱਜ ਕਲ੍ਹ ਅੰਬਾਂ ਦੀ ਰੁਤ ਹੋਣੀ ਆਂ । ਸਾਡੇ ਖ਼ੂਹ ਤੇ ਚਾਰ ਪੰਜ ਅੰਬਾਂ ਦੇ ਬੂਟੇ ਐ, ਬੜੇ ਸੁਆਦੀ ਅੰਬ ਲਗਦੇ ਆ । ਬੜੇ ਯਾਦ ਔਂਦੇ ਐ । ਸੱਚ ਈ ਕਿਹਾ ਕਿਸੇ "ਅੰਬੀਆਂ ਨੂੰ ਤਰਸੇਂਗੀ, ਛੱਡਕੇ ਦੇਸ਼ ਦੁਆਬਾ ।" ਇਥੇ ਕਈ ਚੀਜ਼ਾਂ ਨੂੰ ਹਰ ਵੇਲੇ ਤਰਸੀਦੈ ।

ਹਜ਼ੂਰਾ ਸਿੰਘ ਦੀਆਂ ਗੱਲਾਂ ਸੁਣ ਕੇ ਮੈਨੂੰ ਪੰਜਾਬੀ ਸੁਭਾ ਦੀ ਵਿਲੱਖਣਤਾ ਦਾ ਅਜੀਬ ਉਦਾਹਰਣ ਦਿਸਿਆ ; ਪੰਜਾਬੀ ਪਹਿਰਾਵਾ, ਪੰਜਾਬੀ ਟੌਂ, ਪੰਜਾਬ ਦੀਆਂ ਯਾਦਾਂ, ਮਿਹਨਤੀ ਸੁਭਾ, ਉੱਚਾ ਆਚਰਨ, ਲਹਿਰਾਂ ਵਿਚ ਰਹਿੰਦਾ ਹੋਇਆ ਵੀ ਅਭਿੱਜ । ਕੀ ਇਹ ਪੰਜਾਬ ਦੀ ਮਿੱਟੀ ਦੀ ਤਾਸੀਰ ਏ ਕਿ ਉਹ ਆਪਣਾ ਰੰਗ ਤੇ ਖ਼ਸੀਅਤ ਹਰ ਥਾਂ ਕਾਇਮ ਰੱਖਦੀ ਏ ।

ਐਲਾਨ ਹੋਇਆ ਕਿ ਏਅਰ ਇੰਡੀਆ ਦੇ ਮੁਸਾਫ਼ਰ ਚਾਹ ਕੌਫ਼ੀ ਪੀਣ ਵਾਸਤੇ ਸਟਾਲ ਲਾਗੇ ਇਕੱਠੇ ਹੋ ਜਾਣ ।

ਹਜ਼ੂਰਾ ਸਿੰਘ ਜੀ, ਆਓ ਤੁਹਾਨੂੰ ਚਾਹ ਪਿਆਈਏ ।

ਛਡ ਪਰ੍ਹਾਂ ਇਹ ਕੋਈ ਚਾਹ ਐ ?

ਹੋਰ ਕੀ ਏ ?

ਇਨ੍ਹਾਂ ਦੇ ਦੁਧ ਦਾ ਸੁਆਦ ਨਹੀਂ, ਚਾਹ ਦਾ ਰੰਗ ਨਹੀਂ, ਚੀਨੀ ਬਿਚ ਮਿੱਠਾ ਨਹੀਂ ।

ਇਸ ਦਫਾ ਮੈਂ ਹਾਸਾ ਰੋਕ ਨਾ ਸਕਿਆ, ਕਿਉਂਕਿ ਉਸ ਦੀ ਗੱਲ ਵਿਚ ਕੁਝ ਕੁਝ ਸਚਾਈ ਸੀ ।

ਇਹ ਕਿਹੜੀ ਸਾਡੇ ਆਂਗੂ ਗੰਨਿਆਂ ਬਿਚੋਂ ਖੰਡ ਕਢਦੇ ਆ । ਮੈਂ ਓਥੇ ਕੈਬਨ ਬਿਚ ਕੇਤਲੀ ਤੇ ਚਾਹ ਦਾ ਸਾਰਾ ਸਮਾਨ ਰਖਿਆ ਹੋਇਐ । ਉਹ ਚਾਹ ਕਾਹਦੀ ਜਿਹਨੂੰ ਪੰਜ ਸੱਤ ਉਬਾਲੇ ਨਾ ਆਉਣ—ਸਤ ਈ ਨਹੀਂ ਨਿਕਲ ਸਕਦਾ । ਦੋ ਬਾਰ ਚਾਹ ਪੀ ਕੇ ਰਾਤ ਨੂੰ ਡਿਊਟੀ ਦਿੰਦਾ, ਕਿਆ ਮਜਾਲ ਜੇ ਨੀਂਦ ਲਾਗੇ ਫੜਕ ਜਾਏ । ਤੇ ਖੰਡ ਮੈਂ ਦੇਸੋਂ ਮੰਗਾਂਦਾ ।

ਉਹ ਹੱਸ ਪਿਆ । 'ਪਾਣੀ ਉਬਾਲ ਲਓ ਫੇਰ ਸਭ ਕੁਝ ਠੀਕ ਐ ।'

ਨਾਲੇ ਕਹਿੰਦਾ ਏਂ, 'ਪਾਣੀ ਮਾਫ਼ਕ ਨਹੀਂ, ਉਹ ਤਾਂ ਕਹਿਣ ਦੀਆਂ ਗੱਲਾਂ ।

ਭਰਾਪੁਣੇ ਵਿਚ ਉਹ ਮੈਨੂੰ ਬਦੋ ਬਦੀ ਖਿੱਚ ਕੇ ਲਿਜਾਣਾ ਚਾਹੁੰਦਾ ਸੀ ਪਰ ਮੈਂ ਉਸ ਨਾਲ ਚਾਹ ਖ਼ਾਤਰ ਜਾਣ ਲਈ ਹਰਗਿਜ਼ ਤਿਆਰ ਨਹੀਂ ਸੀ । ਮੈਂ ਡਰਦਾ ਸੀ ਕਿਧਰੇ ਦੁਆਬੀਆ ਭਰਾ ਚਾਹ ਛਕਾਉਂਦਾ ਹੋਇਆ ਮੇਰਾ ਜਹਾਜ਼ ਹੀ ਨਾ ਖੁੰਝਾ ਦੇਵੇ ।

(ਧਰਤੀ ਗੋਲ ਹੈ ਵਿਚੋਂ)

ਮੁਖੀ, ਪੰਜਾਬੀ ਵਿਭਾਗ
ਪੰਜਾਬ ਯੂਨੀਵਰਸਿਟੀ, ਪਟਿਆਲਾ (ਭਾਰਤ)

4160 FRASER STREET
VANCOUVER 10. B.C.
PHONE 872-7658

**GOYAL TRAVELS**

ASSOCIATED OFFICES

NEAR COURTS, MOGA
PUNJAB, INDIA
PHONE 798

NEAR COURTS, JAGRAON
PUNJAB, INDIA
PHONE 252

THINKING OF TRAVEL?
WE CAN SAVE TIME AND TROUBLE!

**Groups — Charter — Excursion**

PAY LATER

**Special Immigrant Fares available**

**PHONE 872-7658**

ਗੋਇਲ ਟਰੈਵਲਜ਼
4160 - ਫਰੇਜ਼ਰ ਸਟਰੀਟ
ਵੈਨਕੂਵਰ - 10

(ਅਣਛਪੇ ਨਾਵਲ 'ਬਾਬਾ ਉਸਮਾਨ' 'ਚੋਂ)

# ਬੱਤੀਵਾਂ ਕਾਂਡ

(ਗਿ: ਕੇਸਰ ਸਿੰਘ)

ਅਜੇ ਸੂਰਜ ਨਹੀਂ ਸੀ ਨਿਕਲਿਆ । ਸਖ਼ਤ ਠੰਡ ਪੈ ਰਹੀ ਸੀ । ਜਿਹਲ ਦੇ ਬਾਹਰ ਲੋਕੀਂ ਇਕੱਠੇ ਹੋਣੇ ਸ਼ੁਰੂ ਹੋ ਗਏ । ਹਸਨ ਰਹੀਮ ਤੇ ਬਲਵੰਤ ਸਿੰਘ ਨੂੰ ਪਹਿਲੋਂ ਪਹੁੰਚਾ ਵੇਖ ਕੇ ਹਰੀ ਸਿੰਘ, ਸੰਧੂ ਤੇ ਪਿਆਰੂ ਉਨ੍ਹਾਂ ਦੇ ਲਾਗੇ ਜਾ ਖਲੋਤੇ । ਜਿਉਂ ਜਿਉਂ ਮੇਵਾ ਸਿੰਘ ਨੂੰ ਫਾਂਸੀ ਉਤੇ ਲਟਕਾਉਣ ਦਾ ਸਮਾਂ ਨੇੜੇ ਹੋ ਰਿਹਾ ਸੀ ਸਭ ਦੇ ਦਿਲਾਂ ਦੀ ਧੜਕਣ ਤੇਜ਼ ਹੋ ਰਹੀ ਸੀ । ਮੇਵਾ ਸਿੰਘ ਦੀ ਅਰਥੀ ਸ਼ਾਨ ਨਾਲ ਕਢਣ ਲਈ ਕੋਈ ਵੀ ਹਿੰਦੀ ਪਿਛੇ ਨਹੀਂ ਸੀ ਰਹਿਣਾ ਚਾਹੁੰਦਾ । ਪੰਜ ਛੇ ਸੌ ਹਿੰਦੀ ਇਕੱਠੇ ਹੋ ਚੁਕੇ ਸਨ । ਕਈ ਕੈਨੇਡੀਅਨ ਗੋਰੇ ਵੀ ਇਸ ਇਕੱਠ ਵਿਚ ਸ਼ਾਮਲ ਸਨ । ਆਇਰਸ਼ ਕਾਫੀ ਗਿਣਤੀ ਵਿਚ ਆਏ ਸਨ ।

ਮੇਵਾ ਸਿੰਘ ਦੀ ਅਰਥੀ ਫੁਲਾਂ ਨਾਲ ਢਕੀ ਗਈ । ਸਭ ਲੋਕ ਉਸ ਦੀ ਅਰਥੀ ਹੇਠ ਮੋਢਾ ਦੇਣ ਲਈ ਉਤਾਵਲੇ ਸਨ । ਹਸਨ ਰਹੀਮ ਤੇ ਬਲਵੰਤ ਸਿੰਘ ਨੇ ਪਹਿਲੀ ਵਾਰੀ ਲਈ । ਹਰੀ ਸਿੰਘ ਤੇ ਪਿਆਰੂ ਨੇ ਪਿਛਲੇ ਪਾਸੇ ਮੋਢੇ ਲਾਏ । ਮੇਵਾ ਸਿੰਘ ਦੀ ਅਰਥੀ ਦੇ ਪਿਛੇ ਇਕ ਵਡਾ ਜਲੂਸ ਨਿਕਲ ਤੁਰਿਆ । ਸੜਕਾਂ ਦੇ ਦੋਹੀਂ ਪਾਸੀਂ ਹਜ਼ਾਰਾਂ ਲੋਕ ਜਮ੍ਹਾਂ ਸਨ । ਸ਼ਾਂਤੀ ਤੇ ਪੂਰੇ ਜਬਤ ਵਿਚ ਢੋਲਕੀ ਛੈਣਿਆਂ ਨਾਲ ਸੰਗਤ ਸ਼ਬਦ ਪੜ੍ਹਦੀ ਤੁਰੀ ਜਾ ਰਹੀ ਸੀ । ਲੋਕੀ ਹਰਾਨ ਸਨ ਕਿ ਏਨੀ ਸ਼ਾਂਤੀ ਤੇ ਜ਼ਬਤ ਵਿਚ ਰਹਿਣ ਵਾਲੇ ਲੋਕ ਕਿਵੇਂ ਜੁਗਪਲਟਾਊ ਹੋ ਸਕਦੇ ਹਨ । ਜਿਉਂ ਜਿਉਂ ਜਲੂਸ ਤੁਰਦਾ ਗਿਆ ਲੋਕਾਂ ਦੀ ਗਿਣਤੀ ਵਧਦੀ ਗਈ ।

ਸਸਕਾਰ ਵੇਲੇ ਕੀਰਤਨ ਸੋਹਿਲੇ ਦਾ ਪਾਠ ਭਾਈ ਬਲਵੰਤ ਸਿੰਘ ਨੇ ਕੀਤਾ ਤੇ ਅਰਦਾਸਾ ਸੋਧਿਆ । ਅਰਦਾਸੇ ਵਿਚ ਮੇਵਾ ਸਿੰਘ ਦੇ ਪਾਏ ਪੂਰਨਿਆਂ ਉਤੇ ਚਲਣ ਦੇ ਪ੍ਰਣ ਕੀਤੇ ਗਏ । ਸਭ ਲੋਕਾਂ ਨੇ ਵਾਰੀ ਵਾਰੀ ਉਸ ਦੇ ਸ਼ਹੀਦੀ ਸਰੀਰ ਨੂੰ ਦਾਹ ਲਾਉਣ ਦਾ ਉਪਰਾਲਾ ਕੀਤਾ । ਅੱਗ ਦੇ ਭਾਂਬੜ ਉਠੇ । ਨਾਲ ਹੀ ਕਿਸੇ ਮਨਚਲੇ ਦੀ ਅਵਾਜ਼ ਉਠੀ—

"ਸੇਵਾ ਕੀਤੀ ਮੇਵਾ ਸਿੰਘ ਨੇ
ਸੇਵਾ ਕੀਤੀ ਮੇਵਾ ਸਿੰਘ ਨੇ......

ਸਾਰੀ ਸੰਗਤ ਨੇ ਰਲ ਕੇ ਅਵਾਜ ਦਿਤੀ—"ਸੇਵਾ ਕੀਤੀ ਮੇਵਾ ਸਿੰਘ ਨੇ...
ਫਿਰ ਅਵਾਜ਼ ਉਠੀ—"ਬੂਰਾ ਰਿਛ ਕਚਹਿਰੀ ਵਿਚ ਮਾਰਿਆ
ਸੇਵਾ ਕੀਤੀ ਸੇਵਾ ਸਿੰਘ ਨੇ..."
ਫਿਰ ਕੀ ਸੀ ਸਭ ਦੇ ਮੂੰਹ ਉਤੇ ਸੀ—"ਸੇਵਾ ਕੀਤੀ ਮੇਵਾ ਸਿੰਘ ਨੇ ।
ਬੂਰਾ ਰਿਛ ਕਚਹਿਰੀ ਵਿਚ ਮਾਰਿਆ ।"
ਫਿਰ ਹੋਰ ਅਵਾਜ਼ ਉਠੀ—ਸੇਵਾ ਕੀਤੀ ਮੇਵਾ ਸਿੰਘ ਨੇ ।
ਬੂਰਾ ਰਿਛ ਨਰਕਾਂ ਨੂੰ ਤੋਰਿਆ ।"

ਸਭ ਲੋਕ ਹਰੀ ਸਿੰਘ ਦੀ ਪਿਠ ਥਾਪੜ ਰਹੇ ਸਨ ਇਹ ਤੁਕਾਂ ਜੋੜਨ ਦੀ ਸ਼ਾਬਾਸ਼ ਦੇਣ ਲਈ।

ਇਹ ਤੁਕਾਂ ਪੜ੍ਹਦੇ ਪੜ੍ਹਦੇ ਸਭ ਲੋਕੀ ਵਾਪਸ ਮੁੜ ਰਹੇ ਸਨ। ਅਗੜ ਪਿਛੜ ਲੋਕੀ ਗੁਰਦੁਆਰੇ ਪੁਜੇ। ਦੀਵਾਨ ਲਗਾ ਸ਼ਬਦ ਪੜ੍ਹੇ ਗਏ। ਹਸਨ ਰਹੀਮ ਨੇ ਸ਼ਹੀਦਾਂ ਦੀ ਵਡਿਆਈ ਉਤੇ ਲੈਕਚਰ ਦਿਤਾ ਤੇ ਆਠਾਰਾਂ ਸੌ ਸਤਵੰਜਾ ਵਿਚ ਸ਼ਹੀਦ ਹੋਏ ਦੇਸ਼ ਭਗਤਾਂ ਦੀਆਂ ਕੁਰਬਾਨੀਆਂ ਦਾ ਜਿਕਰ ਕੀਤਾ। ਭਾਈ ਭਾਗ ਸਿੰਘ ਤੇ ਭਾਈ ਰਤਨ ਸਿੰਘ ਸ਼ਹੀਦ ਨੂੰ ਸ਼ਰਧਾਂਜਲੀ ਪੇਸ਼ ਕੀਤੀ।

ਭਾਈ ਬਲਵੰਤ ਸਿੰਘ ਨੇ ਭਾਈ ਮੇਵਾ ਸਿੰਘ ਦੇ ਜੀਵਨ ਉਤੇ ਚਾਨਣਾ ਪਾਉਂਦਿਆਂ ਕਿਹਾ—"ਭਾਈ ਮੇਵਾ ਸਿੰਘ ਸ਼ਹੀਦ ਇਕ ਨੇਕ ਇਨਸਾਨ ਸੀ। ਉਹ ਬੜਾ ਭਜਨੀਕ ਸੀ। ਉਸ ਆਪਣੇ ਦੇਸ਼ ਵਾਸੀਆਂ ਦੇ ਦੁਖ ਨਾ ਸਹਾਰ ਸਕਿਆ ਤੇ ਉਸ ਨੇ ਆਪਣੀ ਕਰਬਾਨੀ ਦੇ ਕੇ ਕੈਨੇਡਾ ਦੀ ਸਰਕਾਰ, ਹਿੰਦ ਦੀ ਸਰਕਾਰ ਤੇ ਖ਼ਾਸ ਕਰ ਕੇ ਕੈਨੇਡੀਅਨ ਇਮੀਗਰੇਸ਼ਨ ਮਹਿਕਮੇ ਦੇ ਕੰਨ ਖੋਲ੍ਹ ਦਿਤੇ ਹਨ।"

"ਉਸ ਨਿਡਰ ਸੂਰਮੇ ਨੇ ਹਸਦਿਆਂ ਹਸਦਿਆਂ ਆਪਣੇ ਗਲ ਵਿਚ ਫਾਂਸੀ ਦਾ ਰਸਾ ਪੁਆ ਲਿਆ ਉਹ ਜਿਹਲ ਵਿਚ ਹਰ ਰੋਜ਼ ਚੜ੍ਹਦੀਆਂ ਕਲਾਂ ਵਿਚ ਰਹੇ। ਪੂਰਾ ਖਾਣਾ ਨਾ ਮਿਲਣ ਤੇ ਵੀ ਉਨ੍ਹਾਂ ਦਾ ਭਾਰ ਖ਼ੁਸ਼ੀ ਵਿਚ ਵਧ ਗਿਆ। ਉਨ੍ਹਾਂ ਪੂਰੀ ਸ਼ਾਂਤੀ, ਜ਼ਬਤ ਤੇ ਚੜ੍ਹਦੀਆਂ ਕਲਾਂ ਵਿਚ ਰਹਿ ਕੇ "ਜਿਸ ਮਰਨੇ ਤੇ ਜਗ ਡਰੇ ਮੇਰੇ ਮਨ ਆਨੰਦ" ਦਾ ਮਹਾਂਵਾਕ ਪੜ੍ਹਦਿਆਂ ਫਾਂਸੀ ਦੇ ਰਸੇ ਨੂੰ ਚੁੰਮਿਆ ਤੇ ਹਿੰਦੁਸਤਾਨ ਦੀ ਆਜ਼ਾਦੀ ਦਾ ਨਾਹਰਾ ਲਾਇਆ। ਬੰਦੇ ਮਾਤਰਮ ਤੇ ਸਤਿ ਸ੍ਰੀ ਅਕਾਲ ਦੇ ਜੈਕਾਰੇ ਗਜਾਂਦਿਆਂ ਆਪਣੀ ਆਤਮਾ ਤਿਆਗ ਦਿਤੀ। ਸਾਨੂੰ ਭਾਈ ਮੇਵਾ ਸਿੰਘ ਦੀ ਸ਼ਹਾਦਤ ਤੋਂ ਸਿਖਿਆ ਲੈਣੀ ਚਾਹੀਦੀ ਹੈ। ਉਨ੍ਹਾਂ ਦੇ ਪਾਏ ਪੂਰਨਿਆਂ ਉਤੇ ਚਲਣਾ ਚਾਹੀਦਾ ਹੈ ਤੇ "ਗ਼ਦਰ" ਦੀ ਗੂੰਜ ਸੁਣ ਕੇ ਦੇਸ ਨੂੰ ਕਮਰਕਸੇ ਕਰ ਲੈਣੇ ਚਾਹੀਦੇ ਹਨ।"

ਫਿਰ ਭਾਈ ਬਲਵੰਤ ਸਿੰਘ ਨੇ ਕਿਹਾ ਕਿ ਹੁਣ ਹਰੀ ਸਿੰਘ ਹੋਰਾਂ ਦਾ ਜਥਾ ਕਵੀਸ਼ਰੀ ਕਰੇਗਾ।

ਹਰੀ ਸਿੰਘ ਨੇ ਉਠਦਿਆਂ ਕਿਹਾ—"ਇਕ ਸ਼ਾਇਰੀ ਮੈਂ ਇਕਲਿਆਂ ਹੀ ਕਰਨੀ ਹੈ ਜੋ ਮੈਂ ਆਪਣੇ ਵੀਰ ਭਾਈ ਮੇਵਾ ਸਿੰਘ ਦੀ ਆਤਮਾ ਵਿਚ ਬੈਠ ਕੇ ਲਿਖੀ ਹੈ।"

ਸੰਧੂ ਤੇ ਪਿਆਰੂ, ਹਰੀ ਸਿੰਘ ਦੇ ਮੂੰਹ ਵਲ ਵੇਖਦੇ ਰਹਿ ਗਏ। ਉਹ ਉਠਦੇ ਉਠਦੇ ਬਹਿ ਗਏ। ਹਰੀ ਸਿੰਘ ਨੇ ਸੱਜੀ ਮੁਛ ਨੂੰ ਵੱਟ ਦੇਂਦਿਆਂ ਕਹਿਣਾ ਸ਼ੁਰੂ ਕੀਤਾ—"ਇਸ਼ਕ-ਮਸ਼ੂਕੀ ਧੁਰਾਂ ਤੋਂ ਤੁਰੀ ਆਈ ਹੈ। ਹੀਰ ਤੇ ਰਾਂਝਾ ਦਾ ਇਸ਼ਕ ਮਸ਼ਹੂਰ ਹੈ। ਸੋਹਣੀ-ਮਹੀਂਵਾਲ, ਸਸੀ-ਪੰਨੂੰ, ਲੇਲਾ-ਮਜਨੂੰ ਤੇ ਹੋਰ ਕਈ ਅਜਿਹੇ ਇਸ਼ਕ-ਮਸ਼ੂਕੀ ਦੇ ਕਿਸੇ ਮਸ਼ਹੂਰ ਹਨ। ਮੇਰਾ ਯਾਰ ਮੇਵਾ ਸਿੰਘ ਇਕ ਸਚਾ ਆਸ਼ਕ ਸੀ ਤੇ ਮਾਸ਼ੂਕ ਸੀ ਉਸ ਦੀ ਮੌਤ। ਉਸਨੇ ਮੌਤ ਨਾਲ ਇਸ਼ਕ ਕੀਤਾ। ਉਸ ਲਾੜੇ ਦੀ ਜੰਞੇ ਸਤ ਸੌ ਹਿੰਦੀ ਤੇ ਕਈ ਗੋਰੇ ਗਏ। ਉਸ ਨੇ ਮੌਤ-ਰਾਣੀ ਦਾ ਡੋਲਾ ਵਿਆਹ ਲਿਆਂਦਾ। ਉਸ ਨੇ ਸਚਾ ਇਸ਼ਕ ਨਿਭਾਇਆ। ਉਸ ਨੇ ਡਰਾਉਣੀ ਮੌਤ ਦਾ ਘੁੰਡ ਚੁਕ ਦਿਤਾ। ਉਸ ਨੇ ਮੌਤ ਦਾ ਮੂੰਹ ਨੰਗਾ ਕਰ ਦਿਤਾ ਸਾਨੂੰ ਮੌਤ ਦਾ ਮੁਕਾਬਲਾ ਕਰਨ ਦੀ ਦਲੇਰੀ ਦਿਤੀ। ਮੈਂ ਉਸ ਦੀ ਆਤਮਾ ਵਿਚ ਬੈਠ ਕੇ ਕੁਝ ਸਤਰਾਂ ਲਿਖੀਆਂ ਹਨ। ਧਿਆਨ ਨਾਲ ਸੁਣਨਾ।"

ਲੋਕਾਂ ਦੇ ਚਿਹਰਿਆਂ ਉਤੇ ਤੇ ਦਿਲਾਂ ਵਿਚ ਇਕ ਅਸ਼ਾਂਤ ਸ਼ਾਂਤੀ ਸੀ। ਸਭ ਉਤਸਕ ਹੋ ਕੇ ਹਰੀ ਸਿੰਘ ਦੀ ਕਵੀਸ਼ਰੀ ਦੀ ਉਡੀਕ ਕਰ ਰਹੇ ਸਨ। ਉਸ ਨੇ ਹੌਲੀ ਜਿਹੀ ਮਧਮ ਸੁਰ ਕਢੀ :—

"ਮੈਂ ਮੌਤ ਨੂੰ ਹਾਕਾਂ ਮਾਰਦਾ,
ਮੈਂ ਮੌਤ ਦੇ ਹਾੜੇ ਕਢਦਾ।
ਮੈਂ ਮੌਤ ਨੂੰ ਪੁਚਕਾਰਦਾ
ਮੈਂ ਮੌਤ ਨੂੰ ਸਤਕਾਰਦਾ
ਮੈਂ ਨੇੜੇ ਹੋ ਹੋ ਆਖਦਾ—
"ਜਰਾ ਘੁੰਡ ਤਾਂ ਚੁਕ ਸੁਆਣੀਏ।"
ਮੈਂ ਪਲਾ ਉਸ ਦਾ ਖਿਚਦਾ :—
"ਆ ਮੇਰੇ ਨੇੜੇ ਰਾਣੀਏ।"
'ਮੈਂ ਬਾਹੋਂ ਫੜ ਕੇ ਆਖਦਾ :—
ਮੈਂ ਬਾਹੋਂ ਫੜ ਕੇ ਆਖਦਾ—
"ਅਖਾਂ ਵਿਚ ਅਖਾਂ ਪਾ ਲਈਏ।"
ਮੈਂ ਲਕ ਵਿਚ ਬਾਂਹ ਵਲੇਟ ਕੇ
ਉਹਦੇ ਲਕ ਵਿਚ ਬਾਂਹ ਵਲੇਟ ਕੇ
ਆਖਾਂ—"ਆ ਪ੍ਰੇਮ ਕਮਾ ਲਈਏ।
ਆ ਨਖ਼ਰੇ ਬਾਜ਼ ਨਵੇਲੀਏ
ਅਸੀਂ ਪੀਂਘਾਂ ਪ੍ਰੇਮ ਚੜ੍ਹਾ ਲਈਏ।"

ਫਿਰ ਹਰੀ ਸਿੰਘ ਨੇ ਕੁਝ ਸਾਹ ਲੈ ਕੇ ਆਪਣੀਆਂ ਅਖਾਂ ਪੂੰਝੀਆਂ। ਅਖਾਂ ਪੂੰਝਦਿਆਂ ਪੂੰਝਦਿਆਂ ਇਕ ਬਹੁਤ ਮਧਮ ਸੁਰੀਲੀ ਵਾਜ ਚੁਕੀ—

"ਮੈਂ ਘੁੰਡ ਹਾਂ ਉਸਦਾ ਚੁਕਦਾ—
ਮੈਂ ਦਰਸ਼ਨ ਤੇਰਾ ਪਾਉਣਾ
ਤੂੰ ਡਰਦੀ ਮੈਥੋਂ ਕਾਸ ਤੋਂ
ਨੀਂ ਤੂੰ ਡਰਦੀ ਮੈਥੋਂ ਕਾਸ ਤੋਂ
ਮੈਂ ਮੰਦਰ ਤੇਰੇ ਜਾਵਣਾ।"

ਫਿਰ ਉਸ ਨੇ ਗੁਰਦੁਆਰੇ ਦੇ ਹਾਲ ਦੇ ਚੌਹੀਂ ਪਾਸੀਂ ਨਜ਼ਰਾਂ ਦੌੜਾ ਕੇ ਆਪਣੀ ਨਜ਼ਰ ਮਹਾਰਾਜ ਦੀ ਤਾਬਿਆਂ ਬੈਠੇ ਭਾਈ ਬਲਵੰਤ ਸਿੰਘ ਉਤੇ ਗਡਦਿਆਂ ਗਾਉਣਾ ਸ਼ੁਰੂ ਕੀਤਾ—

ਅਹੁ ਤੇਰੇ ਵਿਹੜੇ ਬੈਠ ਕੇ
ਅਹੁ ਵਾਜਾਂ ਮੈਨੂੰ ਮਾਰਦੇ
ਅਹੁ ਕਰਨ ਇਸ਼ਾਰੇ ਅਗੂਾਂ ਹੋ
'ਭਾਗ' ਤੇ ਬਤਨ' ਵੰਗਾਰਦੇ ।
ਮੈਂ ਘੁੰਡ ਹੈ ਤੇਰਾ ਚੁਕਣਾ
ਮੈਂ ਦਰਸ਼ਨ ਤੇਰਾ ਪਾਉਣਾ
ਮੈਂ ਕਸਮਾਂ ਖਾ ਖਾ ਆਖਦਾ
ਮੇਰਾ ਮੁਖੜਾ ਨਹੀਓਂ ਡਰਾਉਣਾ ।
'ਮੈਂ ਗਲ ਵਿਚ ਬਾਹਾਂ ਪਾ ਕੇ
ਪਲਾ ਸਿਰ ਤੋਂ ਖਿਸਕਾ ਕੇ
ਆਖਾਂ—ਆ ਛੈਲ ਛਬੀਲਏ !
ਨੈਣਾਂ ਵਿਚ ਨੈਣ ਮਿਲਾ ਲਈਏ ।
ਧੜਕਣ ਵਿਚ ਧੜਕਣ ਪਾ ਲਈਏ ।'

ਇਥੇ ਆ ਕੇ ਹਰੀ ਸਿੰਘ ਰੁਕ ਗਿਆ । ਲੋਕਾਂ ਸਮਝਿਆ ਉਸ ਦੀ ਸ਼ਾਇਰੀ ਮੁਕ ਗਈ ਹੈ ਪਰ ਫਿਰ ਵੀ ਚੌਹੀ ਪਾਸੀਂ ਚੁਪ ਸੀ । ਸਭ ਲੋਕ ਇਕ ਟੱਕ ਉਸ ਵਲ ਵੇਖ ਰਹੇ ਸਨ ।

ਉਸ ਦੇ ਬੁਲ੍ਹ ਫੁਰਕ ਰਹੇ ਸਨ । ਉਹ ਕੁਝ ਕਹਿਣਾ ਚਾਹੁੰਦਾ ਸੀ । ਉਸ ਨੇ ਸਾਰਾ ਜ਼ੋਰ ਲਾ ਕੇ ਆਪਣੇ ਆਪ ਨੂੰ ਜ਼ਬਤ ਵਿਚ ਆਂਦਾ ਤੇ ਥਰਥਰਾਂਦੀ ਅਵਾਜ਼ ਚੁਕੀ :—

'ਮੈਂ ਛੇਤੀ ਮੁੜ ਕੇ ਆਉਣਾ
ਮੈਂ ਬਹੁਤ ਉਡੀਕ ਨਾ ਸਕਦਾ
ਇਹ ਸਮਾਂ ਹੈ ਬੜਾ ਸੁਹਾਵਣਾ
ਮੈਂ ਚਾਹਾਂ ਪੈਂਡਾ ਮੁਕਦਾਂ ।'

ਫਿਰ ਉਸ ਨੇ ਖੰਘੂਰਾ ਮਾਰ ਕੇ ਦ੍ਰਿੜ੍ਹਤਾ ਭਰੀ ਅਵਾਜ਼ ਕਸੀ :—

'ਮੇਰੀ ਮਾਂ ਪਈ ਵਾਜਾਂ ਮਾਰਦੀ
ਮੇਰੀ ਮਾਂ ਪਈ ਵਾਜਾਂ ਮਾਰਦੀ
ਮੈਂ ਲੋਹਾ ਉਸਦਾ ਕਟਣਾ ।
ਮੈਂ ਲਾੜਾ ਬਣ ਕੇ ਆਇਆ,
ਮਲਿਆ ਬਸੰਤੀ ਵਟਣਾ,
ਮੇਰੇ ਹਥੀ ਲਗੀ ਮਹਿੰਦੜੀ
ਸਿਰ ਤੇ ਦਸਤਾਰ ਹੈ ਕੇਸਰੀ
ਤੂੰ ਕਿਉਂ ਹੈਂ ਪਿਛੇ ਹਟਦੀ
ਨੀਂ ਤੂੰ ਕਿਉਂ ਹੈ ਪਿਛੇ ਹਟਦੀ
ਮੈਂ ਤਾਂ ਨਹੀਂ ਪਿਛੇ ਹਟਣਾ ।'

ਫਿਰ ਉਸਨੇ ਜ਼ਰਾ ਅਟਕ ਕੇ ਕਿਹਾ—"ਮੇਵਾ ਸਿੰਘ ਦੀ ਆਤਮਾ ਵਿਚ ਆਤਮਾ ਪਾ ਕੇ ਸੁਣੋ । ਉਹ ਕਿਵੇਂ ਮੌਤ ਨੂੰ ਲਲਕਾਰਦਾ ਹੈ । ਉਹ ਮੌਤ ਨਾਲ ਕਿਵੇਂ ਕਲੋਲ ਕਰਦਾ ਹੈ । ਸੁਣੋ ਉਸ ਦੀ ਆਤਮਾ ਦੀ ਆਵਾਜ਼—

'ਤੇਰੇ ਪੈਰ ਪੰਜੇਬ ਹੈ ਛਣਕਦੀ
ਮੇਰੇ ਮਨ ਵਿਚ ਛਿੰਞਾਂ ਪੈਂਦੀਆਂ ।
ਤੂੰ ਨੈਂ ਝਨਾਂ ਹੈਂ ਸ਼ੂਕਦੀ
ਮੈਂ ਲਹਿਰਾਂ ਹਾਂ ਉਸ ਨੈਂ ਦੀਆਂ
ਜਿਉਂ ਜੋਤਾਂ ਜੋਤ ਮਿਲਾਂਦੀਆਂ
ਆ ਨਖ਼ਰੇਬਾਜ਼ ਨਵੇਲੀਏ
ਨੈਣਾਂ ਵਿਚ ਨੈਣ ਸਮਾ ਲਈਏ
ਆ ਸੋਹਣੀਏ ਛੈਲ ਛਬੀਲੀਏ
ਪੀਂਘਾਂ ਅਸਮਾਨ ਚੜ੍ਹਾ ਲਈਏ
ਇਹ ਸਮਾਂ ਹੈ ਬੜਾ ਸੁਹਾਵਣਾ
ਮੈਂ ਚਾਹਾਂ ਪੈਂਡਾ ਮੁਕਦਾ
ਮੈਂ ਛੇਤੀ ਮੁੜ ਕੇ ਆਉਣਾ
ਮੈਂ ਬਹੁਤ ਉਡੀਕ ਨਾ ਸਕਦਾ
ਮੇਰੀ ਮਾਂ ਪਈ ਵਾਜਾਂ ਮਾਰਦੀ
ਮੈਂ ਲੋਹਾ ਉਸਦਾ ਕਟਣਾ
ਤੂੰ ਕਿਉਂ ਹੈਂ ਪਿਛੇ ਹਟਦੀ
ਮੈ ਤਾਂ ਨਹੀਂ ਪਿਛੇ ਹਟਣਾ ।'

ਭਾਈ ਬਲਵੰਤ ਸਿੰਘ ਨੇ ਨੀਵੀਂ ਪਾਈ ਹੋਈ ਸੀ । ਵਹਿ ਰਹੇ ਹੰਝੂ ਰੁਮਾਲ ਨਾਲ ਪੂੰਝ ਰਿਹਾ ਸੀ । ਹਸਨ ਰਹੀਮ ਪੰਜਾਬੀਆਂ ਵਿਚ ਰਹਿਣ ਕਰ ਕੇ ਪੰਜਾਬੀ ਸਮਝ ਤੇ ਬੋਲ ਲੈਂਦਾ ਸੀ । ਉਸ ਦੀਆਂ ਅਖਾਂ ਵਿਚੋਂ ਹੰਝੂ ਤਰਿਪ ਤਰਿਪ ਵਹਿ ਰਹੇ ਸਨ । ਸਭ ਦੀਆਂ ਅਖਾਂ ਸਜਲੀਆਂ ਸਨ । ਇਕ ਨੁਕਰ ਵਿਚੋਂ ਕਿਸੇ ਸਰੋਤੇ ਦੇ ਬਚਿਆਂ ਵਾਂਗੂੰ ਡੁਸਕਣ ਦੀ ਅਵਾਜ਼ ਆ ਰਹੀ ਸੀ । ਸੰਧੂ ਆਪਣੇ ਆਪ ਨੂੰ ਕਰੜੇ ਮਨ ਵਾਲਾ ਸਮਝਦਾ ਸੀ । ਉਸਦਾ ਚਿਹਰਾ ਅੰਗਿਆਰਾਂ ਵਾਂਗੂੰ ਭਖ ਉਠਿਆ ਸੀ । ਪਿਆਰੂ ਇਕ ਟਕ, ਹਰੀ ਸਿੰਘ ਦੇ ਚਿਹਰੇ ਵਲ ਤਕ ਰਿਹਾ ਸੀ । ਸਰਦੀ ਦੇ ਦਿਨਾਂ ਵਿਚ ਵੀ ਹਰੀ ਸਿੰਘ ਦਾ ਸਾਰਾ ਸਰੀਰ ਮੁੜ੍ਹਕੋ ਮੁੜ੍ਹਕੀ ਹੋ ਰਿਹਾ ਸੀ । ਉਸ ਨੇ ਆਪਣੇ ਚੌੜੇ ਮਥੇ ਉਤੋਂ ਮੁੜ੍ਹਕਾ ਪੂੰਝਦਿਆਂ ਕਿਹਾ—

ਵੀਰੋ ਤੇ ਭੈਣੋ । ਅਖੀਰਲੇ ਬੰਦ ਵਿਚ ਮੇਵਾ ਸਿੰਘ ਦੀ ਆਤਮਾ ਸਾਨੂੰ ਕੀ ਸੁਨੇਹਾ ਦੇਂਦੀ ਹੈ—

'ਮੇਰੇ ਦੇਸ਼ ਦੇ ਅਲਬੇਲਿਓ,
ਤੁਸੀਂ ਝੁਕਣਾ ਜ਼ਰਾ ਨਾ ਜਾਣਦੇ

ਤੁਸੀਂ ਨਿਉਣਾ ਮੂਲ ਨਾ ਸਿਖਿਆ
ਕਿਉਂ ਸੁਤੇ ਲੰਮੀਆਂ ਤਾਣ ਕੇ ?

ਫਿਰ ਇਕ ਲੰਮੀ ਆਵਾਜ਼ ਕਢੀ—

'ਉਠੋ ! ਤੇ ਹੋਰ ਉਠਾਲ ਲੌ।
ਜ਼ਰਾ ਪਗੜੀ ਤੁਸੀਂ ਸੰਭਾਲ ਲੌ।
ਮੁਛਾਂ ਨੂੰ ਜ਼ਰਾ ਸੰਵਾਰ ਲੌ।
ਤੁਸੀਂ ਡਾਂਗਾਂ ਜ਼ਰਾ ਉਲਾਰ ਲੌ
ਫਿਰ ਵੇਖੋ ਬਬਰ ਗਜਦੇ
ਫਿਰ ਵੇਖੋ ਗਿਦੜ ਭਜਦੇ
ਇਸ ਭੁਖੀ ਖੂਨ ਪਿਆਸੀ ਨੂੰ
ਆਪਣਾ ਖੂਨ ਰਜਾ ਲਈਏ
ਮੇਰੇ ਦੇਸ ਦੇ ਅਲਬੇਲਿਓ
ਆਓ ! ਸੁਤੀ ਮੌਤ ਜਗਾ ਲਈਏ
ਜੋ ਬਿਗੜੀ ਸੀ ਉਹ ਸੌਰੇਗੀ
ਆਓ ਬਿਗੜੀ ਫੇਰ ਬਣਾ ਲਈਏ।'

ਹਰੀ ਸਿੰਘ ਆਪਣੀ ਕਵੀਸ਼ਰੀ ਕਰ ਕੇ ਬਹਿ ਗਿਆ ਕਾਫੀ ਦੇਰ ਚੁਪ ਰਹੀ। ਫਿਰ ਇਕ ਦਮ ਸੰਧੂ ਤੇ ਪਿਆਰੂ ਦੀ ਅਵਾਜ਼ ਉਠੀ—

'ਗ਼ਦਰ ਪਾਰਟੀ ਬੀੜਾ ਚੁਕਿਆ ਹਿੰਦ ਅਜ਼ਾਦ ਕਰਾਵਣ ਦਾ।
ਆਓ ਵੀਰੋ ਗਦਰ ਮਚਾਲੀਏ ਵੇਲਾ ਨਹੀਂ ਖੁੰਝਾਵਣ ਦਾ।'

ਫਿਰ ਸਭ ਸਰੋਤਿਆਂ ਦੀ ਅਵਾਜ਼ ਇਕ ਹੋ ਉਠੀ ਤੇ ਕਈ ਵਾਰੀ ਇਹ ਤੁਕਾਂ ਪੜ੍ਹੀਆਂ ਗਈਆਂ। ਫਿਰ ਨਾਹਰਾ ਉਠਿਆ—'ਅੜੇ ਸੋ ਝੜੇ। ਅੜੇ ਸੋ ਝੜੇ' ਤੇ ਢੋਲਕੀ ਉਤੇ ਅਵਾਜ਼ ਉਠੀ—'ਆੜਾ ੜਾੜਾ ਧੰਮ, ਆੜਾ ੜਾੜਾ ਧੰਮ' ਫਿਰ 'ਦੇਸ ਚਲੋ, ਦੇਸ ਚਲੋ, ਦੇਸ ਚਲੋ' ਦੇ ਨਾਹਰੇ ਉਠੇ।

---

ਕੈਨੇਡਾ ਦੇ ਨਾਵਲਕਾਰ
ਸ੍ਰ: ਕੇਸਰ ਸਿੰਘ ਦੇ ਪ੍ਰਸਿੱਧ ਨਾਵਲ

1. ਲਹਿਰ ਵਧਦੀ ਗਈ
2. ਜੰਗੀ ਕੈਦੀ
3. ਸ਼ਹੀਦ ਊਧਮ ਸਿੰਘ
4. ਬਾਬਾ ਉਸਮਾਨ (ਛਪ ਰਿਹਾ)




# HARPAL TOOR



OF

MELTON

FORMERLY A. E. AUSTIN

1435 Kingsway, Vancouver, B.C.

Specialists in

* HOMES — New or old
* APARTMENT Blocks or Revenue
* FARMS, Acres or Lots

or any other real estate service

Mobile radio 38

**OFF:879-7571 RES: 524-9848**

# ਲੋਹਾ ਕੁਟ

(ਨਾਟਕਕਾਰ : ਬਲਵੰਤ ਗਾਰਗੀ)
(ਨਿਰਦੇਸ਼ਕ : ਜੋਗ ਰਾਜ ਸੇਢਾ)

ਸੁਰਖ਼ ਲੋਹੇ ਉੱਤੇ ਪੈਂਦੀਆਂ ਘਾਣ ਦੀਆਂ ਸੱਟਾਂ ਟ...ਅ...ਨ...ਨ, ਟ...ਅ...ਨ...ਨ, ਸਾਰਾ ਹਾਲ ਹਨੇਰੇ ਵਿਚ ਸਾਹ ਰੋਕ ਕੇ ਇਨ੍ਹਾਂ ਸੱਟਾਂ ਦੇ ਸਾਜ਼ ਨੂੰ ਮਨ ਹੀ ਮਨ ਵਿੱਚ ਅੰਕਿਤ ਕਰਨ ਲੱਗਾ ... ਸੱਟਾਂ ਤੇਜ਼ ਹੁੰਦੀਆਂ ਜਾ ਰਹੀਆਂ ਸਨ, ਤੇਜ਼... ਹੋਰ ਤੇਜ਼ ਤੇ ਫੇਰ ਜਿਵੇਂ ਲੁਹਾਰ ਹੰਭ ਗਿਆ ਹੋਵੇ ਤੇ ਲੋਹਾ ਠੰਡਾ ਹੋ ਗਿਆ ਹੋਵੇ... ਸੱਟਾਂ ਮੱਧਮ ਹੋ ਰਹੀਆਂ ਸਨ, ਮੱਧਮ... ਹੋਰ ਮੱਧਮ ਤੇ ਪਰਦਾ ਪਿੱਛੇ ਹਟ ਗਿਆ ਸੀ... ਹੌਲੀ ਹੌਲੀ...

ਭੱਠੀ, ਅਹਿਰਨ, ਲੋਹਾ, ਫਾਲੇ, ਹਥੌੜੇ, ਘਾਣ, ਖੁਰੀਆਂ, ਰੰਬੇ, ਹਲ, ਗੱਡੇ ਦਾ ਪਹੀਆ, ਧੌਂਕਣੀ... ਇਹ ਤਾਂ ਕਿਸੇ ਛੋਟੇ ਮੋਟੇ ਲੋਹਾਰ ਦੇ ਘਰ ਦਾ ਦਲਾਨ ਹੀ ਸੀ। ਸਟੇਜ ਦੇ ਸੱਜੇ ਪਾਸੇ ਬਣਾ ਚੜ੍ਹ ਕੇ ਅੰਦਰ ਨੂੰ ਖੁੱਲ੍ਹਦਾ ਦਰਵਾਜ਼ਾ ਤੇ ਸਟੇਜ ਦੇ ਖੱਬੇ ਹੱਥ ਦਲਾਨ ਤੋਂ ਬਾਹਰ ਨੂੰ ਜਾਂਦਾ ਦਰਵਾਜ਼ਾ! ਪਿੰਡ ਦੇ ਜੀਵਨ ਦੀ ਭਰਪੂਰ ਝਾਕੀ ਦਰਸ਼ਕ ਮਾਣ ਰਹੇ ਸਨ। ਸਟੇਜ ਉੱਤੇ ਪੰਜਾਬ ਦੇ ਪਿੰਡਾਂ ਦੀ ਰਹਿਣੀ-ਬਹਿਣੀ ਤੇ ਉਸ ਰੁੱਤ ਦਾ ਵਾਤਾਵਰਣ ਛਾਇਆ ਹੋਇਆ ਸੀ... ਚਰਖਾ, ਚੁੱਲ੍ਹਾ-ਚੌਂਕਾ, ਭਾਂਡੇ... ਮੋਹਨ ਬੱਗਣ ਤੇ ਜੋਗ ਰਾਜ ਸੇਢਾ ਨੇ "ਲੋਹਾ ਕੁਟ" ਲਈ ਸਟੇਜ-ਸੈਟਿੰਗ ਵਿੱਚ ਕੋਈ ਕਸਰ ਬਾਕੀ ਨਹੀਂ ਸੀ ਰਹਿਣ ਦਿੱਤੀ! ਉਨ੍ਹਾਂ ਤਾਂ ਜਿਉਂਦਾ ਕੁੱਕੜ ਵੀ ਪਾਤਰ ਵਾਂਗ ਸ਼ਾਮਿਲ ਕੀਤਾ ਹੋਇਆ ਸੀ। ਚਰਖਾ ਮੋਹਨ ਬੱਗਣ ਦੀ ਮਿਹਨਤ ਦਾ ਸਜੀਵ-ਰੂਪ ਸੀ।

ਸਫ਼ਲ ਅਭਿਨੇਤਾ ਤੇ ਨਿਰਦੇਸ਼ਕ ਜੋਗ ਰਾਜ ਸੇਢਾ ਨੇ "ਲੋਹਾ ਕੁਟ" ਵਿਚ ਆਪਣੀ ਪ੍ਰਬੀਨਤਾ ਦਾ ਸਬੂਤ ਦਿਤਾ। ਹਰ ਇਕ ਪਾਤਰ ਨੂੰ ਜਿਸ ਤਰ੍ਹਾਂ ਉਸਦਾ ਰੋਲ ਨਿਰਦੇਸ਼ਤ ਕੀਤਾ ਗਿਆ ਸੀ, ਉਹ ਉਸਨੇ ਪੂਰੀ ਲਗਨ ਨਾਲ ਨਿਭਾਇਆ। ਨਿਰਦੇਸ਼ਕ ਨਾਟਕ ਦੇ ਪਾਤਰ ਨੂੰ ਆਪਣੀ ਸੂਝ ਅਤੇ ਕਲਪਨਾ ਅਨੁਸਾਰ ਸਜੀਵ ਕਰਦਾ ਹੈ ਅਤੇ ਉਸਦੀ ਕਲਪਨਾ ਦਾ ਪਾਤਰ ਸਟੇਜ ਉਤੇ ਸਾਕਾਰ ਹੋ ਜਾਂਦਾ ਹੈ।

ਨਿਰਦੇਸ਼ਕ ਨੇ ਸੰਤੀ ਨੂੰ ਇਕ ਗੰਭੀਰ ਦਵੰਦਮਈ ਜੀਵਨ ਜੀ ਰਹੀ ਵਿਖਾਇਆ ਹੈ। ਇੱਕ ਪਾਸੇ ਕਾਕੂ ਦੇ ਸਖ਼ਤ ਤੇ ਸ਼ੱਕੀ ਸੁਭਾ ਤੇ ਦੂਜੇ ਪਾਸੇ ਆਪਣੇ ਆਪ ਨੂੰ ਗੱਜਣ ਦੇ ਖ਼ਿਆਲ ਤੋਂ ਮੁਕਤ ਕਰਨ ਦੇ ਦਵੰਦ ਵਿਚਾਲੇ ਸੰਤੀ ਲਗਾਤਾਰ ਪਿਸਦੀ ਹੈ। ਉਹ ਚਾਹੁੰਦੀ ਹੈ ਕਿ ਉਹ ਕਾਕੂ ਦੀ ਹੀ ਹੋਕੇ ਰਹੇ ਪਰ ਪ੍ਰਸਥਿਤੀਆਂ ਉਸਨੂੰ ਹਰ ਵਾਰ ਉਕਸਾਂਦੀਆਂ ਨੇ : ਗੱਜਣ ਦਾ ਬਾਰ ਬਾਰ ਆਉਣਾ, ਬੈਂਤੋ ਦੀ ਜੁਆਨੀ ਤੇ ਬਚਨੀ ਦੀ ਪ੍ਰੇਰਣਾ ਅਖ਼ੀਰ ਨੂੰ ਸੰਤੀ ਦੇ ਪਤੀਬ੍ਰਤਾ ਇਸਤ੍ਰੀ ਬਣੀ ਰਹਿਣ ਦੇ ਧਰਮ ਨੂੰ ਭੁਲਾ ਦਿੰਦੇ ਨੇ ਤੇ ਉਹ ਬੈਂਤੋ ਦੀਆਂ ਪੈੜਾਂ 'ਚ ਪੱਬ ਧਰ ਦਿੰਦੀ ਹੈ। ਸੰਤੀ ਦੇ ਰੋਲ ਵਿੱਚ ਨਿਰਦੇਸ਼ਕ ਨੇ ਅੰਮ੍ਰਿਤ ਮਾਨ ਨੂੰ ਪੇਸ਼ ਕੀਤਾ। ਅੰਮ੍ਰਿਤ ਮਾਨ ਨੇ ਆਪਣੇ ਰੋਲ ਨੂੰ ਉਸ ਵਿੱਚ ਵਿਚਰਕੇ ਸਜੀਵ ਰੂਪ ਵਿੱਚ ਪੇਸ਼ ਕਰਨ ਦਾ ਪੂਰਾ ਜਤਨ ਕੀਤਾ ਜਾਪਦਾ ਸੀ। ਉਸਦਾ ਸਟੇਜ ਤੇ ਆਉਣਾ, ਕਾਰਜ ਵਿੱਚ ਕੁਦਰਤੀਪਨ ਤੇ ਗੱਲਬਾਤ ਦਾ ਲਹਿਜਾ ਕਾਫ਼ੀ ਪ੍ਰਭਾਵ ਪਾਊ ਸੀ।

ਸਮੁੱਚੇ ਤੌਰ ਤੇ ਕੁਝ ਮਾਮੂਲੀ ਖ਼ਾਮੀਆਂ ਨੂੰ ਛੱਡਕੇ ਜੋਗ ਰਾਜ ਨੇ ਪਾਤਰਾਂ ਨੂੰ ਤਿਆਰ ਕਰਨ ਅਤੇ ਉਨ੍ਹਾਂ ਦੇ ਕਾਰਜ ਤੇ ਵਾਰਤਾਲਾਪ ਵਿੱਚ ਨਿਖਾਰ ਲਿਆਉਣ ਵਿੱਚ ਆਪਣੀ ਪੂਰੀ ਯੋਗਤਾ ਦਾ ਸਬੂਤ ਦਿੱਤਾ।

ਬੈਂਤੋ ਦਾ ਇੱਕ ਅੱਖੜ ਤੇ ਮੂੰਹ ਜ਼ੋਰ ਕੁੜੀ ਦਾ ਪਾਤਰ ਪ੍ਰਿੰਟਾ ਨੇ ਬਹੁਤ ਸਫਲਤਾ ਨਾਲ ਨਿਭਾਇਆ। ਉਹ ਭਾਵੇਂ ਪਹਿਲੀ ਵਾਰ ਸਟੇਜ ਉੱਤੇ ਇਸ ਤਰ੍ਹਾਂ ਦਾ ਵੱਡਾ ਰੋਲ ਕਰ ਰਹੀ ਸੀ ਪਰ ਉਸਨੇ ਆਪਣੀ ਵੱਧ ਤੋਂ ਵੱਧ ਮਿਹਨਤ ਨਾਲ ਇਸਨੂੰ ਇਕ ਸੁਘੜ ਕਲਾਕਾਰ ਵਾਂਗ ਨਿਖਾਰਨ ਦਾ ਜਤਨ ਕੀਤਾ।

ਬਚਨੀ ਦਾ ਹਸਮੁਖ ਤੇ ਸ਼ਹਿਰਦ ਪਾਤਰ ਪ੍ਰਮਿੰਦਰ ਨੇ ਬੜੇ ਹੀ

ਕੁਦਰਤੀਪਨ ਵਿੱਚ ਅਦਾ ਕੀਤਾ। ਉਸਦੇ ਚਿਹਰੇ ਦੇ ਹਾਵ-ਭਾਵ ਦਰਸ਼ਕਾਂ ਨੂੰ ਬਹੁਤ ਦਿਲਖਿੱਚਵੇਂ ਲੱਗੇ ਤੇ ਉਹ ਇਕ ਚੰਗਾ ਪ੍ਰਭਾਵ ਛੱਡ ਕੇ ਗਈ।

ਗੁਆਂਢਣ ਦਾ ਰੋਲ ਸਰਲ ਤੇ ਕੁਲਜੀਤ ਨੇ ਠੀਕ ਨਿਭਾ ਦਿੱਤਾ। ਬਿਨਾਂ ਕਿਸੇ ਰੋਸ ਦੇ ਇੱਕ ਨਾਕਾਮ ਪ੍ਰੇਮੀ ਦੇ ਸਾਊ ਜਿਹੇ ਪਾਤਰ ਦਾ ਕਿਰਦਾਰ ਮੋਹਨ ਬੱਗਣ ਨੇ ਬੜੀ ਕਲਾ ਨਾਲ ਨਿਭਾਇਆ। ਉਸਦਾ ਸਟੇਜ ਤੇ ਆਉਣ, ਆਗਿਆ ਲੈਣ ਦੀ ਗੱਲ ਕਰਨਾ ਤੇ ਬਿਨਾਂ ਹੋਰ ਕਿਸੇ ਕਿਸਮ ਦੀ ਗੱਲ ਕੀਤਿਆਂ ਮੁੜ ਜਾਣ ਵਾਲੇ ਗੱਜਣ ਦੀ ਹਰ ਇੱਕ ਦਿੱਖ ਨਾਟਕ ਦੇ ਕਾਰਜ ਵਿੱਚ ਨਵੀਂ ਸ਼ਕਤੀ ਭਰਦੀ ਹੈ। ਉਹ ਹਰ ਵਾਰ ਆਗਿਆ ਲੈਣ ਆਇਆ ਨਾਟਕ'ਚ ਇੱਕ ਚਿਣਗ ਸੁੱਟ ਜਾਂਦਾ ਹੈ। ਜਿਸ ਨਾਲ ਨਾਟਕ ਦਾ ਸਾਰਾ ਵਾਤਾਵਰਣ ਧੁਖਣਾ ਸ਼ੁਰੂ ਹੋ ਜਾਂਦਾ ਹੈ। ਕਾਕੂ, ਗੱਜਣ ਦੇ ਆਕੇ ਚਲੇ ਜਾਣ ਪਿੱਛੋਂ ਹਰ ਵਾਰ ਧੁਖਦਾ ਤੇ ਸੰਤੀ ਨਾਲ ਬੋਲ ਬੁਲਾਰਾ ਕਰਦਾ। ਇੰਝ ਗੱਜਣ ਇਕ ਅਹਿਮ ਪਾਤਰ ਦੇ ਤੌਰ ਤੇ ਮਹੱਤਤਾ ਰੱਖਦਾ ਹੈ। ਮੋਹਨ ਬੱਗਣ ਦੀ ਕਲਾਮਈ ਸੂਝ ਤੇ ਜੋਗ ਰਾਜ ਦੇ ਨਿਰਦੇਸ਼ਨ ਕਰਕੇ ਮੋਹਨ ਨੇ ਗੱਜਣ ਦੇ ਕਿਰਦਾਰ ਦੀ ਉਸਾਰੀ ਬਹੁਤ ਸੁਲਝੇ ਹੋਏ ਹਾਵਭਾਵਾਂ ਨਾਲ ਕੀਤੀ।

ਨਾਟਕ ਵਿੱਚ ਦੀਪਾ ਇੱਕ ਬਾਲ ਪਾਤਰ ਹੈ। ਸਟੇਜ ਤੇ ਉਹ ਇੱਕ ਅਹਿਮ ਰੋਲ ਅਦਾ ਕਰਦਾ ਹੈ। ਜਿਵੇਂ ਕਿ ਆਮ ਘਰਾਂ ਵਿੱਚ ਹੁੰਦਾ ਹੈ, ਜਵਾਨ ਧੀਆਂ ਦੀ ਰਖਵਾਲੀ ਮਾਪੇ ਉਸਦੇ ਛੋਟੇ ਭਰਾਵਾਂ ਤੋਂ ਕਰਵਾਂਦੇ ਨੇ; ਕਾਕੂ ਦੀਪੇ ਨੂੰ ਹਰ ਵਾਰ ਬੰਤੋ ਨੂੰ ਵਾੜੇ ਵਿੱਚ ਵੇਖਣ ਲਈ ਘੱਲਦਾ ਹੈ। ਇਸ ਤੋਂ ਬਿਨਾਂ ਇਹ ਪਾਤਰ ਪੀੜ੍ਹੀ ਦਰ ਪੀੜ੍ਹੀ ਆ ਰਹੇ ਕਿੱਤੇ ਨੂੰ ਅਪਨਾਈ ਰੱਖਣ ਦਾ ਵੀ ਪ੍ਰਤੀਕ ਹੈ; ਕਿਉਂਕਿ ਤੀਜੇ ਦ੍ਰਿਸ਼ ਵਿੱਚ ਦੀਪਾ ਆਪਣੇ ਪਿਉ ਦੀ ਥਾਂ ਸੰਭਾਲਦਾ ਵਿਖਾਇਆ ਗਿਆ ਹੈ। ਦੀਪੇ ਦਾ ਕਿਰਦਾਰ ਭਰਪੂਰ ਮਾਨ ਨੇ ਬੜੀ ਸਫ਼ਲਤਾ ਤੇ ਸਜੋਗਤਾ ਨਾਲ ਨਿਭਾਇਆ। ਇਸ ਬਾਲ-ਪਾਤਰ ਨੂੰ ਜੋਗ ਰਾਜ ਨੇ ਬੜੀ ਮਿਹਨਤ ਨਾਲ ਤਿਆਰ ਕੀਤਾ।

ਮੋਚੀ ਤੇ ਖਟੀਕ ਦੋ ਦਿਲਚਸਪ ਪਾਤਰ ਹਨ। ਮੋਚੀ ਦਾ ਪਾਤਰ ਗੁਰਦੀਪ ਗਰੇਵਾਲ ਨੇ ਅਤੇ ਖਟੀਕ ਦਾ ਪਾਤਰ ਇੰਦਰੇਸ਼ ਨੇ ਨਿਭਾਇਆ। ਇਨ੍ਹਾਂ ਦੋਨਾਂ ਦੇ ਸਟੇਜ ਉੱਤੇ ਆਉਣ ਨਾਲ "ਲੋਹਾ ਕੁਟ" ਦਾ ਧੁਖਦਾ ਵਾਤਾਵਰਣ ਥੋੜਾ ਸ਼ਾਂਤ ਤੇ ਖ਼ੁਸ਼ਨੁਮਾ ਲੱਗਣ ਲੱਗ ਪੈਂਦਾ ਹੈ। ਮੋਚੀ ਤੇ ਖਟੀਕ ਦਾ ਅਖਬਾਰ 'ਚੋਂ ਦੇਸ਼-ਬਦੇਸ਼ ਦੀਆਂ ਖਬਰਾਂ ਪੜ੍ਹਕੇ ਸੁਣਾਉਣਾ, ਹੁੱਕਾ ਸਾਂਝਾ ਕਰਨਾ, ਹਾਬੜਿਆਂ ਵਾਂਗ ਸ਼ਰਾਬ ਪੀਣੀ ਦਰਸ਼ਕਾਂ ਨੂੰ ਬਹੁਤ ਹਸਾ ਰਹੇ ਸਨ।

ਦਰਸ਼ਕਾਂ ਨੂੰ ਸਭ ਤੋਂ ਵੱਧ ਪ੍ਰਭਾਵਤ, ਨਿਰਦੇਸ਼ਕ ਜੋਗ ਰਾਜ ਸੋਢਾ ਨੇ ਕਾਕੂ ਦੇ ਰੂਪ ਵਿੱਚ, ਆਪਣੀ ਅਭਿਨਯ-ਕਲਾ ਦੀਆਂ ਮਹੀਨ-ਛੋਹਾਂ ਨਾਲ ਕੀਤਾ। "ਲੋਹਾ ਕੁਟ" ਦਾ ਕਾਕੂ; ਕਰੜਾ ਅਨੁਸ਼ਾਸਨ ਰੱਖਣ ਵਾਲਾ, ਲੋਕ ਲਾਜ ਤੋਂ ਡਰਨ ਵਾਲਾ ਤੇ ਸਖ਼ਤ ਸੁਭਾ ਦਾ ਮਾਲਕ ਹੈ। ਭੱਠੀ ਦੇ ਅੰਗਿਆਰਾਂ ਵਾਂਗ ਸ਼ੋਅਲੇ ਛੱਡਦੇ ਇਸ ਕਿਰਦਾਰ ਨੂੰ ਜੋਗ ਰਾਜ ਸੋਢਾ ਨੇ ਬੜੀ ਹੀ ਨਿਪੁੰਨਤਾ ਨਾਲ ਨਿਭਾਇਆ। ਕਾਕੂ ਦੇ ਰੂਪ ਵਿੱਚ ਜੋਗ ਰਾਜ ਦਾ ਪਹਿਰਾਵਾ, ਤੋਰ, ਬੋਲਚਾਲ, ਲੋਹਾ ਕੁਟਣਾ ਆਦਿ ਸਾਰੇ ਇਕ ਲੁਹਾਰ ਵਾਂਗ ਉਘੜੇ ਤੇ ਦਰਸ਼ਕ ਇਸ ਪਾਤਰ ਤੋਂ ਕਾਫ਼ੀ ਪ੍ਰਭਾਵਿਤ ਹੋਏ। ਉਸਦਾ ਪਾਤਰ ਸ਼ੁਰੂ ਤੋਂ ਅੰਤ ਤੱਕ ਉਵੇਂ ਦਾ ਉਵੇਂ ਹੀ ਰਹਿੰਦਾ ਹੈ। ਉਸਦੇ ਸੁਭਾ ਵਿੱਚ ਕੋਈ ਤਬਦੀਲੀ ਨਹੀਂ ਆਉਂਦੀ ਜਿਸ ਅਨੁਸਾਰ ਇਸਤ੍ਰੀ ਦੀ ਥਾਂ ਚੁੱਲਾ ਤੇ ਮਰਦ ਦੀ ਥਾਂ ਅਹਿਰਨ ਤੱਕ ਹੀ ਮਹਿਦੂਦ ਹੈ। ਜੋਗ ਰਾਜ ਦੀ ਅਦਾਕਾਰੀ ਨਾਲ ਇਹ ਪਾਤਰ ਬਹੁਤ ਨਿਖਰਕੇ ਸਾਹਮਣੇ ਆਇਆ। ਉਸਦੇ ਹਾਵ ਭਾਵ, ਤੇ ਕਾਰਜ ਨਿਭਾਉਣ ਦੀ ਜੋਗਤਾ ਆਪਣੇ ਆਪ ਵਿੱਚ ਇੱਕ ਵੱਡੀ ਗੱਲ ਹੈ। ਸਟੇਜ ਉਤੇ ਉਸਦੇ ਆਉਣ, ਜਾਣ; ਬੈਠਕੇ ਲੋਹਾ ਕੁਟਣ, ਸੰਤੀ ਨਾਲ ਖਹਿਬੜਨ ਤੇ ਯਾਰਾਂ ਨਾਲ ਘਿਉ-ਖਿਚੜੀ ਹੋਣ ਦੇ ਹਾਵ-ਭਾਵ ਬੜੇ ਸਪੱਸ਼ਟ ਤੌਰ ਤੇ ਪ੍ਰਗਟ ਹੋ ਰਹੇ ਸਨ।

ਪਿੰਡ ਵਿੱਚ ਸਿਰ ਉਚਾ ਕਰਕੇ ਤੁਰਨ ਵਾਲਾ ਕਾਕੂ ਅੰਤ ਵਿਚ ਬੁਝੇ ਹੋਏ ਕੋਲਿਆਂ ਦੀ ਰਾਖ ਵਾਂਗ ਹੋਇਆ ਜਾਪਦਾ ਹੈ। ਪਹਿਲਾਂ ਉਸਦੇ ਦਬਦਬੇ ਬਾਵਜੂਦ ਵੀ ਚਲੀ ਗਈ ਫਿਰ ਪਰਤੀ... ਇਹ ਉਸਦੇ ਦਿਲ ਅਤੇ ਅਣਖ ਉਤੇ ਘਣ ਦੀ ਸੱਟ ਤੋਂ ਵੀ ਵੱਧ ਕਰਾਰੀ ਸੱਟ ਸੀ। ਇਸੇ ਲਈ ਅੰਤ ਵਿੱਚ ਦਰਸ਼ਕਾਂ ਦੀ ਸਾਰੀ ਹਮਦਰਦੀ ਕਾਕੂ ਨਾਲ ਹੋ ਜਾਂਦੀ ਹੈ ਤੇ ਕਾਕੂ ਦੁਖਾਂਤਕ-ਨਾਇਕ ਹੋ ਨਿੱਬੜਦਾ ਹੈ। ਘਰ ਵਿੱਚ ਉਹ ਕਾਕੂ ਹੈ, ਲੋਹਾ ਹੈ, ਅਹਿਰਨ ਹੈ, ਘਣ ਹੈ... ਸਟੇਜ ਉੱਤੇ ਸੂਹਾ ਹਨੇਰਾ ਹੈ, ਕਾਕੂ ਲੋਹਾ ਕੁੱਟ ਰਿਹਾ ਹੈ, ਕੁੱਟੀ ਜਾ ਰਿਹਾ ਹੈ ... ਤੇ ਸਾਰਾ ਹਾਲ ਤਾੜੀਆਂ ਨਾਲ ਗੂੰਜ ਉਠਦਾ ਹੈ।

ਪਾਤਰਾਂ ਦੇ ਪਹਿਰਾਵੇ ਤੇ ਮੇਕ-ਅੱਪ ਲੱਗ ਭਗ ਢੁੱਕਵੇਂ ਤੇ ਪੇਂਡੂ ਸਨ ਤੇ ਉਹ ਵੱਖ ਵੱਖ ਲੋਕਾਂ ਲੋਹਾਰ, ਮੋਚੀ, ਖਟੀਕ, ਜੱਟ ਆਦਿ ਦੀ ਸਖਸ਼ੀਅਤ ਨੂੰ ਨਿਖਾਰ ਸਕਣ ਦੀ ਖ਼ੂਬੀ ਨਾਲ ਪਾਏ ਗਏ ਸਨ। ਗੁਆਂਢਣ ਤੇ ਜੈਲਦਾਰਨੀ ਆਪਣੇ ਆਪਣੇ ਪਹਿਰਾਵੇ ਤੇ ਮੇਕ ਅੱਪ ਵਿੱਚ ਬਹੁਤ ਜਚ ਰਹੀਆਂ ਸਨ। ਸੰਤੀ ਦਾ ਪਹਿਰਾਵਾ ਉਸਦੇ ਕਿਰਦਾਰ ਨਾਲੋਂ ਕੁਝ ਵਧੇਰੇ ਨਿਖਰਿਆ ਜਾਪਦਾ ਸੀ। ਬੰਤੋ ਦਾ ਮੇਕ-ਅੱਪ ਜੇ ਢੰਗ ਸਿਰ ਹੋ ਸਕਦਾ ਤਾਂ ਉਸਦੀ ਸ਼ਖਸ਼ੀਅਤ ਵੀ ਕੁਝ

ਰੋਹ ਉਘਾੜ ਸਕਦੀ ਸੀ। ਦੀਪਾ ਆਪਣੇ ਗਿੱਟਿਆਂ ਤੋਂ ਉਚੇ ਫਾਟਾਂ ਵਾਲੇ ਪਜਾਮੇ ਤੇ ਸਿਰ ਤੇ ਚੁੰਨੀ ਘੋਟਵੇਂ ਸਾਫ਼ੇ ਨਾਲ ਬੜਾ ਜਚ ਰਿਹਾ ਸੀ।

ਸਮੁੱਚੇ ਨਾਟਕ ਦੇ ਪ੍ਰਗਟਾਵੇ ਵਿੱਚ ਲਾਈਟਿੰਗ ਦਾ ਪ੍ਰਬੰਧ ਕਾਫ਼ੀ ਢੁਕਵਾਂ ਸੀ ਤੇ ਦ੍ਰਿਸ਼ਾਂ ਨੂੰ ਉਘਾੜਨ ਵਿੱਚ ਮੱਦਦ ਕਰ ਰਿਹਾ ਸੀ — ਖ਼ਾਸ ਕਰਕੇ ਤੀਜੇ ਦ੍ਰਿਸ਼ ਦੇ ਅੰਤ ਵਿੱਚ ਸੂਹੇ ਹਨੇਰੇ ਵਿੱਚ ਕਾਕੂ ਜਦੋਂ ਬੈਠਾ ਲੋਹਾ ਕੁਟ ਰਿਹਾ ਹੈ ਤਾਂ ਦ੍ਰਿਸ਼ ਬਹੁਤ ਪ੍ਰਭਾਵਸ਼ਾਲੀ ਨਜ਼ਰ ਆ ਰਿਹਾ ਸੀ ਤੇ ਸਟੇਜ ਦਾ ਵਾਤਾਵਰਣ ਪਾਤਰ ਦੀ ਮਨੋਸਥਿਤੀ ਨਾਲ ਐਨ ਮੇਲ ਖਾਂਦਾ ਸੀ। ਪਹਿਰਾਵਾ, ਮੇਕ-ਅੱਪ ਤੇ ਲਾਈਟਿੰਗ ਪ੍ਰਬੰਧ ਮੋਹਨ ਬੱਗਣ ਤੇ ਗੁਰਦੀਪ ਗਰੇਵਾਲ ਨੇ ਸੁਚੱਜੇ ਢੰਗ ਨਾਲ ਕੀਤਾ।

ਨਾਟਕ ਦਾ ਸੰਗੀਤ ਅਜਮੇਰ ਸਿੰਘ ਰੋਡੇ ਨੇ ਤਿਆਰ ਕੀਤਾ। ਨਾਟਕ ਸ਼ੁਰੂ ਹੋਣ ਤੋਂ ਪਹਿਲਾਂ ਦਾ ਸੰਗੀਤ — ਜਿਸ ਵਿੱਚ ਘਣ ਦੀਆਂ ਸੱਟਾਂ ਨਾਲ ਗਿਟਾਰ ਤੇ ਬੈਂਜੋ ਦੀਆਂ ਸੁਰਾਂ ਸ਼ਾਮਿਲ ਕਰਕੇ ਇਕ ਮਧੁਰਤਾ ਲਿਆਂਦੀ ਗਈ ਸੀ, ਇਹ ਅਜਮੇਰ ਦੀ ਆਪਣੀ ਸੰਗੀਤਮਈ ਸੂਝ ਸੀ। ਸੰਤੀ ਤੇ ਕਾਕੂ ਦੇ ਭਾਵ-ਆਤਮਕ ਵਾਰਤਾਲਾਪ ਵਿੱਚ ਜਿੱਥੇ ਸੰਤੀ ਆਪਣੇ ਅਤੀਤ ਨੂੰ ਦੁਹਰਾਂਦੀ ਹੈ, ਪਿੱਛੇ ਚੱਲ ਰਿਹਾ ਮੱਧਮ ਉਦਾਸੀਨ ਸੰਗੀਤ ਉਸ ਭਾਵ ਨੂੰ ਹੋਰ ਉਘਾੜਨ ਵਿੱਚ ਮੱਦਦ ਕਰਦਾ ਹੈ। ਇਸ ਤਰ੍ਹਾਂ ਅੰਤ ਵਿੱਚ ਸੂਹੇ ਹਨੇਰੇ'ਚ ਲੋਹਾ ਕੁਟ ਰਹੇ ਕਾਕੂ ਦੀ ਮਨੋਸਥਿਤੀ ਉਦਾਸੀਨ ਸੁਰਾਂ ਨਾਲ ਹੋਰ ਉਜਾਗਰ ਹੁੰਦੀ ਹੈ।

ਕੁਝ ਕੈਨੇਡੀਅਨ ਲੋਕ ਵੀ ਇਸ ਨਾਟਕ ਨੂੰ ਵੇਖਣ ਆਏ ਹੋਏ ਸਨ ਜਿਨ੍ਹਾਂ ਨੂੰ ਪੰਜਾਬੀ ਦਾ ਭਾਵੇਂ ਇਕ ਅੱਖਰ ਵੀ ਸਮਝ ਨਹੀਂ ਸੀ ਆਉਂਦਾ ਪਰ ਉਨ੍ਹਾਂ ਦੱਸਿਆ ਕਿ ਨਾਟਕ ਦੇ ਕਾਰਜ, ਸਟੇਜ ਸੈਟਿੰਗ ਤੇ ਸੰਗੀਤ ਰਾਹੀਂ ਉਹ ਲਗਭਗ ਸਾਰਾ ਨਾਟਕ ਸਮਝ ਗਏ ਸਨ। ਇਹ ਨਾਟਕ ਦੀ ਸਫਲਤਾ ਹੈ।

ਮੈਂ ਨਾਟਕ ਦੇ ਵਿਸ਼ੇ ਬਾਰੇ ਵੀ ਕੁਝ ਵਿਚਾਰ ਪੇਸ਼ ਕਰਨੇ ਜ਼ਰੂਰੀ ਸਮਝਾਂਗੀ।

"ਲੋਹਾ ਕੁਟ" ਜਿਥੇ ਜੀਵਨ ਦੀ ਕਰੜੀ ਮਿਹਨਤ ਤੇ ਮਰਦੇ ਨਿਰਦਈ ਸੁਭਾ ਦਾ ਚਿੰਨ੍ਹ ਹੈ, ਲੋਹਾਰ ਦੀ ਭੱਠੀ ਉਥੇ ਪਾਤਰਾਂ ਦੇ ਮਾਨਸਿਕ ਦਵੰਦ ਵਿੱਚ ਧੁਖਦੇ, ਦਗਦੇ, ਬਲਦੇ ਭਾਵਾਂ ਦੀ ਪ੍ਰਤੀਕ ਹੈ। ਇਸ ਨਾਟਕ ਦਾ ਵਾਰਤਾਲਾਪ ਭਾਵੇਂ ਸਰਲ ਜਾਪਦਾ ਹੈ ਪਰ ਕਠੋਰ ਹੈ, ਭਾਵੁਕ ਨਹੀਂ; ਅਤੇ ਭੱਠੀ, ਸੁਆਹ, ਅੰਗਿਆਰ, ਨਿਆਣਾ ਆਦਿ ਸ਼ਬਦ ਪਾਤਰਾਂ ਦੇ ਦੀ ਤਰਜਮਾਨੀ ਕਰਦੇ ਪ੍ਰਤੀਤ ਹੁੰਦੇ ਹਨ।

ਨਾਟਕਕਾਰ ਨੇ ਅਵਚੇਤਨ ਤੌਰ ਤੇ "ਲੋਹਾ ਕੁਟ" ਦੀਆਂ ਔਰਤਾਂ ਨੂੰ ਲੋਹਾਰੇ ਪੇਸ਼ੇ ਤੋਂ, ਭੱਠੀ ਤੋਂ, ਲੋਹੇ ਦੇ ਮੁਸ਼ਕ ਤੋਂ ਨਫ਼ਰਤ ਕਰਦੀਆਂ ਵਿਖਾਇਆ ਤੇ ਉਹ ਇਸਦਾ ਸਾਫ਼ ਤੌਰ ਤੇ ਇਕਰਾਰ ਕਰਦੀਆਂ ਹਨ। ਇਹ ਗੱਲ ਕੋਈ ਬਹੁਤੀ ਉਸਾਰੂ ਨਹੀਂ ਸਗੋਂ ਗ਼ੈਰਕਿਰਤੀ ਹੈ। ਇੱਕ ਪਾਸੇ ਕਿਰਤ ਨਾਲ ਨਫ਼ਰਤ ਦਿਖਾਈ ਗਈ ਹੈ ਦੂਜੇ ਪਾਸੇ ਜ਼ਾਤਪਾਤ ਦੇ ਬੰਧਨ ਤੋੜਕੇ ਬਗ਼ਾਵਤ ਕਰਦੀਆਂ ਔਰਤਾਂ ਦਿਖਾਈਆਂ ਗਈਆਂ ਨੇ। ਇਹ ਗੱਲ ਤਾਂ ਕਾਫ਼ੀ ਉਸਾਰੂ ਹੈ ਕਿ ਲੋਹਾਰ ਦੇ ਸੋਢੀ ਤੇ ਖਟੀਕ ਦੋਸਤ ਹਨ ਤੇ ਉਹ ਇੱਕੋ ਭਾਂਡੇ ਵਿੱਚ ਖਾਂਦੇ ਹਨ; ਇਸੇ ਤਰ੍ਹਾਂ ਲੋਹਾਰਾਂ ਦੀ ਕੁੜੀ ਜੱਟਾਂ ਦੇ ਮੁੰਡੇ ਨਾਲ ਚਲੀ ਜਾਂਦੀ ਹੈ। ਇਸ ਵਿੱਚ ਜ਼ਾਤ ਪਾਤ ਤੋਂ ਮੁਕਤ ਹੋਣ ਵੱਲ ਇਸ਼ਾਰਾ ਹੈ ਪਰ ਜਦੋਂ "ਲੋਹਾ ਕੁਟ" ਲਿਖਿਆ ਗਿਆ ਸੀ ਤਾਂ ਉਦੋਂ ਸਾਡੇ ਸਮਾਜ ਵਿੱਚ ਇਸਦਾ ਬਹੁਤ ਵਿਰੋਧ ਕੀਤਾ ਗਿਆ ਸੀ; ਕਿਉਂਕਿ ਧੀ ਦਾ ਕਿਸੇ ਨਾਲ ਘਰੋਂ ਨਿਕਲ ਜਾਣਾ ਤਾਂ ਕਿਸੇ ਹੱਦ ਤੱਕ ਲੋਕ ਜਾਂ ਮਾਂ-ਬਾਪ ਬਰਦਾਸ਼ਤ ਕਰ ਸਕਦੇ ਸਨ ਤੇ ਕਰਦੇ ਰਹੇ ਨੇ ਤੇ ਕਰਦੇ ਰਹਿਣਗੇ ਪਰ ਮਾਂ ਦਾ ਇੰਜ ਧੀ ਤੋਂ ਉਤਸ਼ਾਹ ਲੈਕੇ ਚਲੇ ਜਾਣਾ ਸਾਡੇ ਸਮਾਜ ਵਿੱਚ ਇੰਨੀ ਪ੍ਰਵਾਨਗੀ ਵਾਲੀ ਗੱਲ ਨਹੀਂ।

ਗਾਰਗੀ ਨੇ ਇਸ ਗੱਲ ਨੂੰ ਆਪ ਇੰਞ ਕਿਹਾ ਹੈ :- "ਇਸ ਨਾਟਕ ਵਿੱਚ ਮੈਂ ਵਿਰਸੇ ਦੀ ਤੁਰੀ ਆਉਂਦੀ ਭਾਵਨਾ ਨੂੰ ਉਲਟਾਕੇ ਪੇਸ਼ ਕੀਤਾ ਹੈ। ਸੁਭਾਵਕ ਤੌਰ ਉਤੇ ਧੀ ਆਪਣੀ ਮਾਂ ਦਾ ਪ੍ਰਤੀਰੂਪ ਹੈ। ਨਵੀਂ ਪੀੜ੍ਹੀ ਵਿੱਚ ਬਗ਼ਾਵਤ ਹੈ, ਪੁਰਾਣੀ ਪੀੜ੍ਹੀ ਦੇ ਖ਼ਿਲਾਫ਼। ਨਵੀਂ ਚੇਤਨਤਾ ਪੁਰਾਣੀ ਚੇਤਨਤਾ ਦੀ ਕੁੰਜ ਲਾਹ ਕੇ ਅੱਗੇ ਤੁਰਦੀ ਹੈ। ਪਰ ਮੈਂ ਇਸ ਨਾਟਕ ਵਿੱਚ ਮਾਨਸਿਕ ਬਗ਼ਾਵਤ ਦੀ ਚਿਣਗ ਮਾਂ ਤੋਂ ਧੀ ਵੱਲ ਨਹੀਂ ਸੁੱਟੀ, ਸਗੋਂ ਧੀ ਤੋਂ ਮਾਂ ਵੱਲ ਸੁੱਟੀ ਹੈ। ਪੀੜ੍ਹੀ ਦਰ ਪੀੜ੍ਹੀ ਤੁਰੇ ਆਉਂਦੇ ਸੰਸਕਾਰਾਂ ਦੀ ਗਤੀ ਨੂੰ ਪੁੱਠਾ ਮੋੜਿਆ ਹੈ।" ਵੇਖਣਾ ਇਹ ਹੈ ਕਿ ਇਹ ਪੁੱਠੀ ਤੋਰੀ ਗਤੀ ਕਿੱਥੋਂ ਤੱਕ ਅੱਪੜੇਗੀ — ਵੱਧ ਤੋਂ ਵੱਧ ਨਾਨੀ ਜਾਂ ਪੜਨਾਨੀ ਤੱਕ (ਜੇ ਜਿਉਂਦੀ ਹੋਈ ਤਾਂ)! ਸੋ ਇਹੀ ਕਾਰਣ ਹੈ ਕਿ ਨਾਟਕ ਦਾ ਪ੍ਰਭਾਵ; ਬਜਾਏ ਇਸਦੇ ਕਿ ਔਰਤਾਂ ਮਾਨਸਿਕ ਤੇ ਭਾਵ-ਆਤਮਕ ਆਜ਼ਾਦੀ ਚਾਹੁੰਦੀਆਂ ਹਨ ਤੇ ਇਸ ਲਈ ਉਹ ਸੰਘਰਸ਼ ਕਰ ਰਹੀਆਂ ਹਨ; ਪਵੇ; ਸਗੋਂ ਘਰੋਂ ਦੌੜ ਜਾਣ ਤੇ ਆਪਣੇ ਪਤੀ ਤੇ ਪਿਓ ਨਾਲ ਦਗਾ ਕਰਨ ਵੱਲ ਇਸ਼ਾਰਾ ਕਰਦਾ ਹੈ। ਅੰਤ ਨੂੰ ਇਸ ਵਿੱਚ ਕਾਕੂ ਦਾ ਕਿਰਦਾਰ ਵਧੇਰੇ ਸ਼ਕਤੀਸ਼ਾਲੀ ਹੋ ਨਿਬੜਦਾ ਹੈ ਤੇ ਔਰਤ ਫਿਰ ਘਟੀਆ ਹੀ ਰਹਿ ਜਾਂਦੀ ਹੈ। ਇਹ ਕਿਥੋਂ ਦਾ ਕ੍ਰਾਂਤੀਕਾਰੀ ਕਦਮ ਹੋਇਆ?

ਇੱਥੇ ਮੈਂ ਨਾਟਕ ਨੂੰ ਵੇਖਣ ਆਏ ਇਕ ਪੱਛਮੀ-ਸਾਹਿੱਤਕਾਰ ਔਰਤੀ ਸਰੋਵਿਤਰ (ਜੋ CONTEMPORARY LITERATURE IN TRANSLATION ਦਾ ਐਡੀਟਰ ਹੈ) ਦੇ ਵਿਚਾਰ ਦੱਸਣਾ ਚਾਹਾਂਗੀ। ਉਹ ਸਟੇਜ ਉੱਤੇ ਨਾਟਕ ਦੇ ਹਰ ਦ੍ਰਿਸ਼ ਵਿੱਚ ਕਾਕੂ ਤੇ ਸੰਤੀ ਨੂੰ ਖਿਝਦੇ ਰਿਝਦੇ ਵੇਖਦੇ ਵੇਖਦੇ ਵਿੱਚੋਂ ਹੀ ਬੋਲੇ: "ਇਹ ਪਤੀ ਪਤਨੀ ਹਰ ਵਾਰ ਏਨ੍ਹਾਂ ਲੜਦੇ ਨੇ; ਇਨ੍ਹਾਂ ਵਿੱਚ ਕੋਈ UNDERSTANDING ਨਹੀਂ, ਤਾਂ ਇਹ ਵੱਖ ਕਿਉਂ ਨਹੀਂ ਹੋ ਜਾਂਦੇ?" ਇਹ ਠੀਕ ਹੈ ਕਿ ਇਹ ਪ੍ਰਸ਼ਨ ਪੱਛਮੀ ਸੱਭਿਅਤਾ ਦੀ ਮੂੰਹ ਬੋਲਦੀ ਮਿਸਾਲ ਸੀ ਪਰ ਇਸ ਵਿੱਚ ਅੰਤਾਂ ਦਾ ਸੱਚ ਹੈ। ਸਾਡੇ ਸਮਾਜ ਵਿੱਚ ਪਤੀ ਪਤਨੀ ਸਾਰੀ ਉਮਰ ਦੁਖਦੇ ਸੜਦੇ ਰਹਿੰਦੇ ਹਨ ਪਰ ਇਹ ਜੁਰਅਤ ਨਹੀਂ ਕਰਦੇ ਕਿ ਆਪਣੇ ਆਪਣੇ ਮਾਨਸਿਕ ਖਿਚਾਉ ਨੂੰ ਘਟਾਉਣ ਲਈ ਆਪਣਾ ਆਪਣਾ ਰਾਹ ਅਪਨਾ ਲੈਣ। ਗੱਲ ਤਾਂ ਗਾਰਗੀ ਨੇ ਵੀ ਇਹੀ ਦੱਸਣ ਦਾ ਜਤਨ ਕੀਤਾ ਹੋਊ ਪਰ 'ਉਧਾਲੇ' ਇਸ ਸਮੱਸਿਆ ਦਾ ਨੈਤਿਕ-ਹੱਲ ਨਹੀਂ ਕਿਹਾ ਜਾ ਸਕਦਾ। ਮੇਰਾ ਖ਼ਿਆਲ ਹੈ ਔਰਤ ਨੂੰ ਏਨੀ ਕੁ ਮਜ਼ਬੂਤ ਹੋਣ ਦੀ ਲੋੜ ਹੈ ਤਾਂ ਜੁ ਉਹ ਕਿਸੇ ਵੀ ਕਾਕੂ ਦੇ ਮੂੰਹ ਤੇ ਕਹਿ ਸਕੇ, "ਤੇਰੇ ਮੇਰੇ ਵਿਚਾਰ ਨਹੀਂ ਮਿਲਦੇ - ਸਾਡੀ ਨਹੀਂ ਨਿਭਦੀ - ਤੇਰਾ ਰਾਹ ਔਹ, ਮੇਰਾ ਰਾਹ ਔਹ।"

ਕੁਈਨ ਐਲਿਜ਼ਬੈੱਥ ਪਲੇ-ਹਾਊਸ ਨੱਕੋ ਨੱਕ ਭਰਿਆ ਪਿਆ ਸੀ ਤੇ ਕੋਈ ਡੇਢ ਸੌ ਬੰਦਾ ਟਿਕਟਾਂ ਨਾ ਮਿਲਣ ਕਰਕੇ ਵਾਪਸ ਮੁੜਿਆ। ਸਮੁੱਚੇ ਤੌਰ ਤੇ ਦਰਸ਼ਕ ਨਾਟਕ ਦੇ ਵਿਸ਼ੇ ਨਾਲ ਇਕ ਸੁਰ ਨਹੀਂ ਹੋਏ ਜਾਪਦੇ ਸਨ ਤੇ ਨਾ ਹੀ ਉਨ੍ਹਾਂ ਨੇ ਨਾਟਕ ਦੇ ਵਿਸ਼ੇ ਦੀ ਗਹਿਰਾਈ ਤੱਕ ਲਹਿਣ ਦਾ ਜਤਨ ਕੀਤਾ। ਵੈਨਕੂਵਰ ਦੇ ਦਰਸ਼ਕਾਂ ਨੂੰ ਦਰਸ਼ਕਾਂ ਨੂੰ ਏਨੀ ਕੁ ਗੱਲ ਜ਼ਰੂਰ ਸਮਝ ਲੈਣੀ ਚਾਹੀਦੀ ਹੈ ਕਿ ਜਿਹੜੇ ਲੋਕ, ਨਾਟਕ ਦੇ ਪਾਤਰ ਬਣਨ ਲਈ ਆਪਣੇ ਆਪ ਨੂੰ ਪੇਸ਼ ਕਰਦੇ ਹਨ ਉਹ ਉਸ ਪਾਤਰ ਨੂੰ ਸਜੀਵ ਕਰਨ ਲਈ ਦਿਨ ਰਾਤ ਕਈ ਕਈ ਮਹੀਨੇ ਲਗਾਤਾਰ ਮਿਹਨਤ ਕਰਦੇ ਹਨ ਤੇ ਫੇਰ ਤੁਹਾਡੇ ਅੱਗੇ ਸਟੇਜ ਤੇ ਪੇਸ਼ ਕਰਦੇ ਹਨ, ਉਦੋਂ ਉਹ ਆਪ ਨਹੀਂ ਹੁੰਦੇ ਸਗੋਂ ਨਾਟਕ ਦੇ ਪਾਤਰ ਦਾ ਕਿਰਦਾਰ ਹੀ ਰਹੇ ਹੁੰਦੇ ਹਨ। ਇਸ ਲਈ ਘਟੀਆ ਕਿਸਮ ਦੇ ਰੀਮਾਰਕ ਪਾਸ ਕਰਕੇ ਜੇ ਜ਼ਿਹਨੀ ਕੋਹਜ ਦੀ ਪ੍ਰਦਰਸ਼ਨੀ ਤੋਂ ਸੰਕੋਚ ਹੋ ਸਕੇ ਤਾਂ ਪੰਜਾਬੀ ਸੱਭਿਆਚਾਰ ਤੇ ਕਲਾ ਨੂੰ ਹੋਰ ਉੱਨਤ ਬਣਾਇਆ ਜਾ ਸਕਦਾ ਹੈ।

ਰੱਤਾ ਸਾਲੂ (ਹਰਚਰਨ ਸਿੰਘ) ਤੋਂ ਬਾਅਦ ਪ੍ਰਸਿੱਧ ਨਾਟਕਕਾਰ ਬਲਵੰਤ ਗਾਰਗੀ ਦਾ "ਲੋਹਾ ਕੁਟ" (30 ਮਾਰਚ 75) ਪੇਸ਼ ਕਰਕੇ "ਵਤਨੋਂ ਦੂਰ ਆਰਟ ਫਾਊਂਡੇਸ਼ਨ" ਨੇ ਵੈਨਕੂਵਰ ਦੇ ਥੀਏਟਰ-ਪ੍ਰੇਮੀਆਂ ਦੇ ਮਨਾਂ ਵਿੱਚ ਆਪਣੀ ਹੱਕੀ-ਥਾਂ ਬਣਾ ਲਈ ਹੈ।

— (MRS.) ਸੁਰਜੀਤ ਕਲਸੀ

## ਕੈਨੇਡਾ ਦੇ ਲੇਖਕਾਂ ਦੀਆਂ ਪੁਸਤਕਾਂ

ਗਿ: ਕੇਸਰ ਸਿੰਘ — ਨਾਵਲ: ਲਹਿਰ ਵਧਦੀ ਗਈ, ਜੰਗੀ-ਕੈਦੀ, ਸ਼ਹੀਦ ਊਧਮ ਸਿੰਘ
ਅੰਗ੍ਰੇਜ਼ੀ: INDIAN INDEPENDENCE MOVEMENT IN EAST ASIA.

ਗੁਰਚਰਨ ਰਾਮਪੁਰੀ — ਕਵਿਤਾ: ਕਣਕਾਂ ਦੀ ਖ਼ੁਸ਼ਬੋ, ਕੌਲ ਕਰਾਰ, ਕਿਰਨਾਂ ਦਾ ਆਲ੍ਹਣਾ, ਅੰਨ੍ਹੀ ਗਲੀ

ਨਵਤੇਜ ਭਾਰਤੀ — ਕਵਿਤਾ: ਸਿੰਬਲ ਦੇ ਫੁੱਲ

ਰਵਿੰਦਰ ਰਵੀ — ਕਵਿਤਾ: ਦਿਲ ਦਰਿਆ ਸਮੁੰਦਰੋਂ ਡੂੰਘੇ, ਬੱਦਲ ਦੇ ਵਿੱਚ ਛੇਕ, ਬਿੰਦੂ, ਮੌਨ ਹਾਦਸੇ, ਦਿਲ ਟ੍ਰਾਂਸਪਲਾਂਟ ਤੋਂ ਬਾਅਦ, ਸ਼ਹਿਰ ਜੰਗਲੀ ਹੈ, ਮਨ ਮੌਸਮ ਦੀ ਵਾਰੀ
ਕਹਾਣੀ: ਚਰਾਵੀ, ਜੁਰਮ ਦੇ ਪਾਤਰ, ਸ਼ਹਿਰ ਵਿੱਚ ਜੰਗਲ, ਕੌਣ ਪ੍ਰਤੀਕੌਣ, ਮੈਲੀ ਪੁਸਤਕ
ਕਾਵਿ-ਨਾਟਕ: ਬੀਮਾਰ ਸਦੀ
ਸਮੀਖਿਆ: ਪ੍ਰਯੋਗਸ਼ੀਲ ਕਾਵਿ-ਦਰਪਨ
ਹਿੰਦੀ: अन्धेरा, यूकलिप्टस और आग
ਅੰਗ੍ਰੇਜ਼ੀ: THE REBEL SOUND / THE VOICES OF DISSENT } CO-AUTHOR (POETRY)

ਗਿੱਲ ਮੋਰਾਂਵਾਲੀ — ਕਵਿਤਾ: ਹੰਝੂ ਹੌਕੇ, ਜਾਗ ਪਏ ਹਿੰਦ ਦੇ ਜਵਾਨ, ਮੈਖ਼ਾਨਾ ਲਲਕਾਰ, ਗੀਤ-ਮਈ, ਆਰ ਚਾਨਣ ਪਾਰ ਚਾਨਣ.

ਗੁਰਮੇਲ ਸਿੰਘ ਰਾਹੀ — ਕਵਿਤਾ: ਦੁਬਿਧਾ

ਅਜਮੇਰ ਸਿੰਘ ਰੋਡੇ — ਵਿਗਿਆਨ: ਵਿਸ਼ੂ ਦੀ ਨੁਹਾਰ

ਗੁਰਦਿਆਲ ਕੰਵਲ — ਕਵਿਤਾ: ਸੱਜਰੇ ਸੁਫ਼ਨੇ

ਕਸ਼ਮੀਰਾ ਸਿੰਘ ਚਮਨ — ਕਵਿਤਾ: ਕਣਕਾਂ ਰੰਗ ਵਟਾਏ
ਰੁਬਾਈਆਂ: ਅੰਮ੍ਰਿਤ ਬੂੰਦਾਂ

ਸੁਰਿੰਦਰ ਧੰਜਲ — ਕਵਿਤਾ: ਸੂਰਜਾਂ ਦੇ ਹਮਸਫ਼ਰ

### ਛਪਣ ਵਾਲੀਆਂ

ਬਾਬਾ ਉਸਮਾਨ (ਨਾਵਲ) — ਗਿ: ਕੇਸਰ ਸਿੰਘ
ਜਲ ਭਰਮ-ਜਲ (ਕਵਿਤਾ) — ਰਵਿੰਦਰ ਰਵੀ
ਬੇਚੈਨ ਸਦੀ (ਕਵਿਤਾ) — ਗੁਰਮੇਲ ਸਿੰਘ ਰਾਹੀ
ਸੁਕਾ ਅੰਬਰ ਬੰਜਰ ਧਰਤੀ (ਕਵਿਤਾ) — ਗਿੱਲ ਮੋਰਾਂਵਾਲੀ
ਘਟਦੇ ਵਧਦੇ ਫ਼ਾਸਲੇ (ਕਹਾਣੀ) — ਰਵਿੰਦਰ ਰਵੀ

# ਨਸਲਵਾਦ ਅਤੇ ਸਵੈ-ਰੱਖਿਆ

(ਅਜੋਕੀ-ਸਥਿਤੀ ਤੇ ਇੱਕ ਝਾਤ)

– ਸੁਰਿੰਦਰ ਧੰਜਲ

ਪਿਛਲੇ ਮਹੀਨਿਆਂ ਵਿੱਚ ਸਰੀ, ਰਿਚਮੰਡ, ਵੈਨਕੂਵਰ ਆਦਿਕ ਥਾਵਾਂ ਤੇ ਕੁਝ ਭਾਰਤੀਆਂ ਤੇ ਜਿਸਮਾਨੀ ਹਮਲੇ ਹੋਣੇ ਅਤੇ ਘਰਾਂ ਦੇ ਸ਼ੀਸ਼ੇ ਆਦਿ ਤੋੜਨ ਦੀਆਂ ਕਾਫ਼ੀ ਘਟਨਾਵਾਂ ਵਾਪਰੀਆਂ ਹਨ। ਇਨ੍ਹਾਂ ਘਟਨਾਵਾਂ ਦਾ ਕੈਨੇਡਾ 'ਚ ਵਸਦੀ ਭਾਰਤੀ-ਕਮਿਊਨਿਟੀ ਲਈ ਵਿਸ਼ੇਸ਼-ਮਹੱਤਵ ਇਹ ਹੈ ਕਿ ਇਨ੍ਹਾਂ ਘਟਨਾਵਾਂ ਦੀ ਤਹਿ 'ਚ ਛੁਪੀ ਨਸਲਵਾਦ ਦੀ ਸਮੱਸਿਆ ਤੇ ਖੁਲ੍ਹਕੇ ਵਿਚਾਰ-ਪ੍ਰਗਟਾਵਾ ਹੋਇਆ ਹੈ।

9 ਮਾਰਚ 1975 ਤੋਂ 23 ਮਾਰਚ 1975 ਤੱਕ ਹੋਈਆਂ ਪਬਲਿਕ-ਮੀਟਿੰਗਾਂ ਕਾਰਣ 10 ਮਾਰਚ ਤੋਂ 24 ਮਾਰਚ ਤੱਕ ਦੇ ਅਖ਼ਬਾਰ ਪੱਤਰਕਾਰਾਂ, ਪ੍ਰੋਫੈਸਰਾਂ, ਐੱਮ.ਪੀ., ਭਾਰਤੀ ਕਮਿਊਨਿਟੀ ਦੇ ਲੀਡਰਾਂ ਤੇ ਹੋਰ ਜ਼ਿੰਮੇਵਾਰ ਵਿਅਕਤੀਆਂ ਦੇ ਬਿਆਨਾਂ ਨਾਲ ਭਰੇ ਰਹੇ। ਇਨ੍ਹਾਂ ਖ਼ਬਰਾਂ ਤੇ ਆਧਾਰਤ ਇਸ ਲੇਖ ਦਾ ਮੰਤਵ ਨਸਲਵਾਦ ਦੀ ਸਮੱਸਿਆ ਤੇ ਇਸ ਨਾਲ ਸੰਬੰਧਤ ਬਿਆਨਕਾਰਾਂ ਦੇ ਕਿਰਦਾਰ ਨੂੰ ਪੇਸ਼ ਕਰਨਾ ਹੈ।

9 ਮਾਰਚ 1975 ਨੂੰ ਈਸਟ ਇੰਡੀਅਨ ਡੀਫੈਂਸ ਕਮੇਟੀ ਵੱਲੋਂ ਆਇਰਨ ਵਰਕਰਜ਼ ਹਾਲ ਵਿੱਚ ਨਸਲੀ-ਹਮਲਿਆਂ ਬਾਰੇ ਪਬਲਿਕ ਮੀਟਿੰਗ ਹੋਈ। ਇਸ ਮੀਟਿੰਗ ਵਿੱਚ ਸ੍ਰ: ਬੇਲਾ ਸਿੰਘ ਥਾਂਦੀ (ਪ੍ਰਧਾਨ ਈਸਟ ਇੰਡੀਅਨ ਡੀਫੈਂਸ ਕਮੇਟੀ) ਅਤੇ ਹਰਦਿਆਲ ਬੈਂਸ {ਚੇਅਰਮੈਨ ਕਮਿਊਨਿਸਟ ਪਾਰਟੀ ਆਫ਼ ਕੈਨੇਡਾ (ਮਾਰਕਸਵਾਦੀ-ਲੈਨਿਨਵਾਦੀ) ਤੇ ਚੇਅਰਮੈਨ ਹਿੰਦੁਸਤਾਨੀ ਗ਼ਦਰ ਪਾਰਟੀ (ਮਾਰਕਸਵਾਦੀ-ਲੈਨਿਨਵਾਦੀ)} ਨੇ ਲੋਕਾਂ ਨੂੰ ਸੰਬੋਧਨ ਕੀਤਾ।

ਇਸ ਮੀਟਿੰਗ ਬਾਰੇ ਵੈਨਕੂਵਰ ਦੇ ਤਿੰਨ ਅਖ਼ਬਾਰਾਂ ਨੇ (PROVINCE; VANCOUVER-SUN; UBYSSEY), ਟੀਕਾ-ਟਿੱਪਣੀ ਕੀਤੀ।

'PROVINCE' ਨਾਂ ਦਾ ਅਖ਼ਬਾਰ 10 ਮਾਰਚ ਨੂੰ ਪਹਿਲੇ ਸਫ਼ੇ ਤੇ 'VIGILANTES TO ACT AGAINST WHITE RACISTS) ਸਿਰਲੇਖ ਹੇਠ ਲਿਖਦਾ ਹੈ :-

{ਕਮਿਊਨਿਸਟ ਪਾਰਟੀ ਦੁਆਰਾ ਜਥੇਬੰਦ ਕੀਤਾ ਕਾਨੂੰਨ ਆਪਣੇ ਹੱਥਾਂ 'ਚ ਲੈਣ ਵਾਲਾ ਇਕ ਗਰੁੱਪ (VIGILANTE GROUP) ਲੋਅਰ ਮੇਨਲੈਂਡ 'ਚ ਵਸਦੇ ਭਾਰਤੀਆਂ ਤੇ ਹੋ ਰਹੇ 'ਚਿੱਟੇ ਨਸਲੀ ਹਮਲਿਆਂ' ਵਿਰੁੱਧ ਜਵਾਬੀ ਯੋਜਨਾ ਬਣਾ ਰਿਹਾ ਹੈ।...

ਈਸਟ ਇੰਡੀਅਨ ਡੀਫੈਂਸ ਕਮੇਟੀ ਦੇ ਪ੍ਰਧਾਨ ਬੇਲਾ ਸਿੰਘ ਥਾਂਦੀ ਨੇ ਕਿਹਾ ਕਿ ਹੁਣੇ ਹੁਣੇ ਜਥੇਬੰਦੀ ਦੇ, 30 ਤੋਂ 40 ਵਿਚਕਾਰ, ਮੈਂਬਰਾਂ ਦਾ ਜੱਥਾ ਬਣਾਇਆ ਗਿਆ ਹੈ ਜੋ ਸਰੀ 'ਚ ਵਸਦੇ ਭਾਰਤੀਆਂ ਦੇ ਘਰਾਂ ਨੂੰ ਬਚਾਵੇਗਾ।

ਬੈਂਸ ਨੇ ਕਿਹਾ, "ਜੇ ਸਾਡੇ ਤੇ ਹੱਥਾਂ ਨਾਲ ਹੱਲਾ ਕੀਤਾ ਜਾਵੇ, ਸਾਨੂੰ ਆਪਣੇ ਹੱਥ ਵਰਤਣੇ ਚਾਹੀਦੇ ਹਨ, ਜੇ ਸਾਡੇ ਤੇ ਸੋਟੀਆਂ ਨਾਲ ਹਮਲਾ ਕੀਤਾ ਜਾਵੇ ਤਾਂ ਸਾਨੂੰ ਸੋਟੀਆਂ ਵਰਤਣੀਆਂ ਚਾਹੀਦੀਆਂ ਹਨ।"}

'VANCOUVER SUN' 10 ਮਾਰਚ ਨੂੰ ਪਹਿਲੇ ਸਫ਼ੇ ਤੇ 'EAST INDIANS VOW TO FIGHT' ਸਿਰਲੇਖ ਹੇਠ ਲਿਖਦਾ ਹੈ :-

{"ਕਮਿਊਨਿਸਟ ਪਾਰਟੀ ਆਫ਼ ਕੈਨੇਡਾ (ਮਾਰਕਸਵਾਦੀ-ਲੈਨਿਨਵਾਦੀ) ਦੇ ਚੇਅਰਮੈਨ ਹਰਦਿਆਲ ਬੈਂਸ ਨੇ ਈਸਟ ਇੰਡੀਅਨ ਡੀਫੈਂਸ ਕਮੇਟੀ ਵੱਲੋਂ ਕੀਤੀ ਗਈ ਪ੍ਰੈੱਸ-ਕਾਨਫਰੰਸ 'ਚ ਕਿਹਾ ਕਿ ਭਾਰਤੀਆਂ ਨੂੰ ਜ਼ਰੂਰ ਸਵੈ-ਰੱਖਿਆ ਕਰਨੀ ਚਾਹੀਦੀ ਹੈ ਕਿਉਂਕਿ ਪੁਲੀਸ, ਸਰਕਾਰੀ-ਅਧਿਕਾਰੀ ਤੇ ਕਮਿਊਨਿਟੀ ਲੀਡਰ ਉਨ੍ਹਾਂ ਦੀ

ਰੱਖਿਆ ਲਈ ਤਿਆਰ ਨਹੀਂ ਹਨ।

ਬਾਂਟੀ ਨੇ ਕਿਹਾ ਕਿ 'ਕਮੇਟੀ' ਦਾ ਮੰਤਵ ਭਾਰਤੀ ਲੋਕਾਂ ਨੂੰ ਘਬਰਾਉਣਾ ਹੈ ਤੇ ਇਹ ਘਬਰਾ ਵੀ ਰਹੀ ਹੈ। ਉਸਨੇ ਭਾਰਤੀਆਂ ਨੂੰ ਹਮਲਿਆਂ ਵਿਰੁਧ ਜਥੇਬੰਦ ਹੋਣ ਲਈ ਅਪੀਲ ਕੀਤੀ।

ਅੱਜ ਹੀ ਇੰਡੋ-ਕੈਨੇਡੀਅਨ ਫਰੈਂਡਸ਼ਿਪ ਸੁਸਾਇਟੀ ਆਫ਼ ਬੀ. ਸੀ. ਦੇ ਪ੍ਰਧਾਨ ਡਾਕਟਰ ਜੀ. ਐੱਸ. ਗਿੱਲ ਨੇ ਕਿਹਾ ਕਿ ਬੈਂਸ ਅਤੇ ਡੀਫੈਂਸ ਕਮੇਟੀ ਦੁਆਰਾ ਦਿੱਤੀ ਜਾ ਰਹੀ ਹਿੰਸਕ-ਲਾਈਨ ਦੀ ਭਾਰਤੀ ਕਮਿਊਨਿਟੀ ਵਿਚ ਕੋਈ ਖ਼ਾਸ ਪੁੱਛ ਗਿੱਛ ਨਹੀਂ। ਉਸਨੇ ਕਿਹਾ ਕਿ ਬੈਂਸ ਪਿੱਛੇ ਲੱਗਭੱਗ 30 ਕੁ 'ਸਿਰ-ਫਿਰੇ' (DIEHARDS) ਹਨ ਤੇ ਮੀਟਿੰਗ ਵਿਚ ਬਾਕੀ ਹਾਜ਼ਰ ਲੋਕ ਕੇਵਲ ਦਰਸ਼ਕ ਹੀ ਸਨ। ਉਸ ਨੇ ਕਿਹਾ, "ਇਸ ਆਦਮੀ ਪਿੱਛੇ, ਬੱਸ ਸਿਰਫ਼ ਇੰਨੇ ਕੁ ਹੀ ਲੋਕ ਹਨ।"

ਡਾਕਟਰ ਗਿੱਲ ਨੇ ਕਿਹਾ ਕਿ, "ਮੈਨੂੰ ਵਿਸ਼ਵਾਸ ਹੈ ਕਿ ਬਾਂਟੀ, ਬੈਂਸ ਤੇ ਉਸਦੇ ਨਿਕੇ ਜਿਹੇ ਮਾਓਵਾਦੀ ਗਰੁਪ ਦੇ ਹੱਥਾਂ 'ਚ ਖਿਡੌਣਾ ਹੈ। ਮੇਰਾ ਨਹੀਂ ਖ਼ਿਆਲ ਕਿ ਬਾਂਟੀ ਸਭ ਕੁਝ ਸਮਝਦਾ ਹੈ। ਇਹ ਲੋਕ ਉਸਨੂੰ ਵਰਤ ਰਹੇ ਹਨ।" *}

'UBYSSEY' (11.3.75) -ਸਫ਼ਾ 4 ਤੇ 'NAUGHTY HARDIAL' ਸਿਰਲੇਖ ਹੇਠ ਲਿਖਦਾ ਹੈ :-

{"ਅਸੀਂ ਭਾਰਤੀਆਂ ਵਿਰੁੱਧ ਨਫ਼ਰਤ ਸੰਬੰਧੀ ਕਮਿਊਨਿਸਟ ਪਾਰਟੀ ਆਫ਼ ਕੈਨੇਡਾ ਅਤੇ ਇਸਦੇ ਚੇਅਰਮੈਨ ਹਰਦਿਆਲ ਬੈਂਸ ਵੱਲੋਂ ਅਪਣਾਈ ਗਈ ਗ਼ਲਤ ਲਾਈਨ ਬਾਰੇ ਹੈਰਾਨ ਹਾਂ।

ਆਪਣੇ ਮਾਰਕਸ ਨੂੰ ਪੜ੍ਹ, ਹਰਦਿਆਲ, ਆਪਣੇ ਮਾਰਕਸ ਨੂੰ ਪੜ੍ਹ।"}

10 ਮਾਰਚ ਨੂੰ VANCOUVER SUN ਅਤੇ PROVINCE ਵਿਚ ਛਪੇ ਉਪਰਲੇ ਬਿਆਨਾਂ ਬਾਰੇ ਭਾਰਤੀ-ਕਮਿਊਨਿਟੀ ਦੇ ਹੋਰ ਆਗੂਆਂ ਦੇ ਬਿਆਨ 11 ਮਾਰਚ ਨੂੰ ਪ੍ਰਕਾਸ਼ਤ ਹੋਏ ਜੋ ਸਿੱਧੇ ਤੌਰ ਤੇ ਈਸਟ ਇੰਡੀਅਨ ਡੀਫੈਂਸ ਕਮੇਟੀ ਦੀ ਸਵੈ-ਰੱਖਿਆ ਦੀ ਲਾਈਨ ਦੇ ਉਲਟ ਸਨ।

VANCOUVER SUN (11.3.75- ਸਫ਼ਾ 29) ਤੇ 'LEADERS BLAST VIGILANTE IDEA' ਸਿਰਲੇਖ ਹੇਠ ਲਿਖਦਾ ਹੈ:-

{ਸੋਮਵਾਰ ਨੂੰ ਬੀ. ਸੀ. ਦੀ ਭਾਰਤੀ ਕਮਿਊਨਿਟੀ ਦੇ ਆਗੂ ਇਸ ਬਿਆਨ ਦੀ ਨਿਖੇਧੀ ਕਰਨ ਲਈ ਇਕੱਠੇ ਹੋਏ ਕਿ ਭਾਰਤੀਆਂ ਨੂੰ ਨਸਲਵਾਦੀ ਹਿੰਸਾ ਵਿਰੁਧ ਹਥਿਆਰ-ਬੰਦ ਹੋਣਾ ਚਾਹੀਦਾ ਹੈ।

ਉਨ੍ਹਾਂ ਕਿਹਾ ਕਿ ਜਿਥੇ ਉਹ ਭਾਰਤੀਆਂ ਨੂੰ ਤੰਗ ਕਰਨ ਵਾਲੇ 'ਮੁਠੀ-ਭਰ ਨੌਜੁਆਨ ਨਸਲਵਾਦੀਆਂ' ਦੀਆਂ ਸਰਗਰਮੀਆਂ ਤੇ ਦੁਖ ਪ੍ਰਗਟ ਕਰਦੇ ਹਨ, ਉਥੇ ਉਹ ਸਮੱਸਿਆ ਦੇ ਅਹਿੰਸਕ- ਹੱਲਾਂ ਵਿਚ ਵੀ ਯਕੀਨ ਰੱਖਦੇ ਹਨ। "ਇਸ ਕਰਕੇ ਅਸੀਂ ਮਾਰਕਸਵਾਦੀ-ਲੈਨਿਨਵਾਦੀਆਂ ਦੀ ਬਹੁਤ ਹੀ ਘੱਟ ਗਿਣਤੀ ਦੁਆਰਾ ਪੇਸ਼ ਕੀਤੇ ਗਏ ਕਾਨੂੰਨ ਆਪਣੇ ਹੱਥਾਂ 'ਚ ਲੈਣ ਦੇ ਐਕਸ਼ਨ (VIGILANTE ACTION) ਦੀ ਜ਼ੋਰਦਾਰ ਨਿਖੇਧੀ ਕਰਦੇ ਹਾਂ।", ਐਸੋਸੀਏਸ਼ਨਾਂ ਨੇ ਸਾਂਝੇ ਬਿਆਨ 'ਚ ਕਿਹਾ।

"ਮਿਸਟਰ ਬੈਂਸ ਅਤੇ ਉਸਦਾ ਮਾਰਕਸਵਾਦੀ-ਲੈਨਿਨਵਾਦੀ ਗਰੁਪ ਬੀ. ਸੀ. ਵਿਚ 99.9 ਪ੍ਰਤੀ ਸੈਂਕੜਾ ਭਾਰਤੀਆਂ ਦੀ ਪ੍ਰਤੀਨਿਧਤਾ ਨਹੀਂ ਕਰਦੇ।," ਬਾਰਾਂ ਗਰੁਪਾਂ ਦਾ ਸਾਂਝਾ ਬਿਆਨ ਸੀ, "ਸਾਡੀਆਂ ਐਸੋਸੀਏਸ਼ਨਾਂ ਲੱਗਭੱਗ 60 ਸਾਲਾਂ ਤੋਂ ਹੋਂਦ 'ਚ ਹਨ ਅਤੇ ਭਾਰਤੀਆਂ ਦੀ ਪ੍ਰਤੀਨਿਧਤਾ ਕਰਦੀਆਂ ਹਨ।"

---

* 72 ਸਾਲਾ ਬਜ਼ੁਰਗ ਲੀਡਰ ਸ੍ਰ: ਬੇਲਾ ਸਿੰਘ ਬਾਂਟੀ ਨੇ ਜਵਾਬ ਵਿਚ ਪਬਲਿਕ ਮੀਟਿੰਗ ਵਿੱਚ ਕਿਹਾ, "ਮੈਂ ਬੱਬਰ ਅਕਾਲੀ ਲਹਿਰ ਤੋਂ ਲੈਕੇ ਨਕਸਲਬਾੜੀ ਲਹਿਰ ਤੱਕ ਪੰਜਾਬ ਦੀਆਂ ਸਭ ਅਗਾਂਹਵਧੂ ਜਨਤਕ ਲਹਿਰਾਂ 'ਚ ਖੁਦ ਸਿੱਧੇ ਜਾਂ ਅਸਿੱਧੇ ਤੌਰ ਤੇ ਭਾਗ ਲੈਂਦਾ ਆ ਰਿਹਾ ਹਾਂ ਅਤੇ ਭਾਗ ਲੈਣ ਵਾਲਿਆਂ ਦੀ ਪੁਰਜ਼ੋਰ ਹਮਾਇਤ ਕਰਦਾ ਹਾਂ। ਸੋ ਮੈਂ ਤਾਂ ਅਗਾਂਹਵਧੂਆਂ ਵੱਲੋਂ ਉਦੋਂ ਤੋਂ 'ਵਰਤਿਆ' ਜਾ ਰਿਹਾ ਹਾਂ ਜਦੋਂ ਡਾ: ਗਿੱਲ ਹੁਰੀਂ ਜੰਮੇ ਵੀ ਨਹੀਂ ਸਨ।"

ਇਨ੍ਹਾਂ ਜਥੇਬੰਦੀਆਂ ਨੇ ਕਿਹਾ ਕਿ ਉਹ ਮਹਿਸੂਸ ਕਰਦੇ ਹਨ ਕਿ "ਸਰੀ ਦੀ ਆਰ.ਸੀ.ਐਮ.ਪੀ. ਵੱਲੋਂ ਇਨ੍ਹਾਂ ਕੁਹਾੜੀਆਂ (ਨਸਲਵਾਦੀ) ਘਟਨਾਵਾਂ ਨੂੰ ਕੰਟਰੋਲ ਕਰਨ ਦਾ ਢੈਲੀ ਹੋ ਗਿਆ ਐਕਸ਼ਨ ਅਸਿੱਧੇ ਤੌਰ ਤੇ ਇਨ੍ਹਾਂ ਨਸਲਵਾਦੀ ਗੁੰਡਿਆਂ ਨੂੰ ਉਤਸ਼ਾਹਤ ਕਰਦਾ ਹੈ।"

ਇਸ ਬਿਆਨ ਤੇ ਇਨ੍ਹਾਂ ਐਸੋਸੀਏਸ਼ਨਾਂ ਦੁਆਰਾ ਦਸਤਖ਼ਤ ਕੀਤੇ ਗਏ: ਈਸਟ-ਇੰਡੀਅਨ ਕੈਨੇਡੀਅਨ ਸਿਟੀਜ਼ਨਜ਼ ਵੈੱਲਫੇਅਰ ਐਸੋਸੀਏਸ਼ਨ, ਇੰਡੋ ਕੈਨੇਡੀਅਨ ਫਰੈਂਡਸ਼ਿਪ ਸੋਸਾਇਟੀ, ਖਾਲਸਾ ਦੀਵਾਨ ਸੋਸਾਇਟੀ, ਗੁਰੂ ਨਾਨਕ ਸਿੱਖ ਟੈਂਪਲ ਆਫ਼ ਸਰੀ ਐਂਡ ਡੈਲਟਾ, ਅਕਾਲੀ ਸਿੰਘ ਟੈਂਪਲ ਸੋਸਾਇਟੀ, ਇੰਡੀਆ ਕਲੱਬ, ਹਿੰਦੂ ਵਿਸ਼ਵ ਪ੍ਰੀਸ਼ਦ ਆਫ਼ ਬੀ.ਸੀ., ਬਿਜ਼ਨੈੱਸਮੈੱਨ ਐਂਡ ਪ੍ਰੋਫੈਸ਼ਨਲ ਐਸੋਸੀਏਸ਼ਨ, ਸਿੱਖ ਯੂਥ ਫੈਡਰੇਸ਼ਨ, ਨਿਊ ਵੈੱਸਟਮਨਿਸਟਰ ਖ਼ਾਲਸਾ ਦੀਵਾਨ ਸੋਸਾਇਟੀ, ਇੰਟਰਨੈਸ਼ਨਲ ਪੰਜਾਬੀ ਐਸੋਸੀਏਸ਼ਨ ਅਤੇ ਖ਼ਾਲਸਾ ਸਕੂਲ ਬੋਰਡ।

ਓਟਵਾ ਵਿਚ ਐੱਮ.ਪੀ. ਬੈਨੋ ਫਰੇਜਨ (ਸਰੀ-ਵਾਈਟਰੌਕ) ਅਤੇ ਰੌਨ ਹਨਟਿੰਗਟਨ (ਕੈਪੀਲਾਨੋ) ਨੇ ਬੈਂਸ ਨੂੰ DEPORT ਕਰਨ ਦੀ ਮੰਗ ਕੀਤੀ।}

ਭਾਰਤੀ ਆਗੂਆਂ ਦੇ ਬਿਆਨਾਂ ਬਾਰੇ PROVINCE (11.3.75) ਪਹਿਲੇ ਸਫ਼ੇ ਤੇ ਹੀ 'RACIST ACTION THREAT DECRIED' ਸਿਰਲੇਖ ਹੇਠ ਲਿਖਦਾ ਹੈ:

{ਵੈਨਕੂਵਰ ਦੀ ਭਾਰਤੀ ਕਮਿਊਨਿਟੀ ਦੇ ਆਗੂਆਂ ਨੇ ਇਕ ਗਰੁੱਪ ਦੁਆਰਾ ਕਾਨੂੰਨ ਆਪਣੇ ਹੱਥਾਂ 'ਚ ਲੈਣ (ਉਨ੍ਹਾਂ ਵਿਰੁੱਧ ਜਿਨ੍ਹਾਂ ਨੂੰ ਇਹ ਗਰੁੱਪ ਭਾਰਤੀਆਂ ਤੇ 'ਚਿੱਟੇ ਨਸਲਵਾਦੀ ਹਮਲੇ' ਕਹਿੰਦਾ ਹੈ) ਦੇ ਬਿਆਨ ਦੀ ਬੁਰੀ ਤਰ੍ਹਾਂ ਖੁੰਬ ਠੱਪੀ।

ਜਥੇਬੰਦੀਆਂ, ਜਿਹੜੀਆਂ ਕਹਿੰਦੀਆਂ ਹਨ ਕਿ ਉਹ ਕੁਝ ਕੁ ਮੁੱਠੀ ਭਰ ਬੰਦਿਆਂ ਨੂੰ ਛੱਡਕੇ ਗਰੇਟਰ ਵੈਨਕੂਵਰ 'ਚ ਰਹਿੰਦੇ 40,000 ਭਾਰਤੀਆਂ ਦੀ ਪ੍ਰਤੀਨਿਧਤਾ ਕਰਦੀਆਂ ਹਨ, ਨੇ ਸੋਮਵਾਰ ਨੂੰ ਕਿਹਾ ਕਿ ਨਸਲੀ ਹਮਲਿਆਂ ਵਿਰੁੱਧ ਲੜਨ ਲਈ ਜਥੇਬੰਦਤ, ਕਾਨੂੰਨ ਆਪਣੇ ਹੱਥਾਂ 'ਚ ਲੈਣ ਵਾਲਾ ਗਰੁਪ (VIGILANTE GROUP); "ਨਸਲਵਾਦੀ ਘਟਨਾਵਾਂ ਨੂੰ ਆਪਣੇ ਰਾਜਨੀਤਕ ਹਿੱਤਾਂ ਲਈ ਵਰਤ ਰਿਹਾ ਹੈ।"

ਕੇਹਰ ਸੇਖੋਂ * ਨੇ ਸੋਮਵਾਰ ਰਾਤ ਨੂੰ ਰਾਸ ਸਟਰੀਟ ਗੁਰਦੁਆਰੇ ਵਿਚ ਪੱਤਰਕਾਰਾਂ ਨੂੰ ਦੱਸਿਆ, "ਅਸੀਂ ਮਾਰਕਸਵਾਦੀ ਲੈਨਿਨਵਾਦੀ ਨਾਮ ਨਾਲ ਜਾਣੇ ਜਾਣ ਵਾਲੇ ਬਿਲਕੁਲ ਨਿਕੇ ਜਿਹੇ ਗਰੁਪ ਦੁਆਰਾ ਪੇਸ਼ ਕੀਤੇ ਗਏ ਕਾਨੂੰਨ ਆਪਣੇ ਹੱਥਾਂ 'ਚ ਲੈਣ ਦੇ ਐਕਸ਼ਨ (VIGILANTE ACTION) ਦੀ ਜ਼ੋਰਦਾਰ ਨਿਖੇਧੀ ਕਰਦੇ ਹਾਂ।"

ਇਨ੍ਹਾਂ ਗਰੁਪਾਂ ਨੇ ਜ਼ੋਰ ਦਿੱਤਾ ਕਿ ਉਹ "ਇਨ੍ਹਾਂ ਮਸਲਿਆਂ ਦੇ ਅਹਿੰਸਕ ਹੱਲਾਂ ਵਿਚ ਯਕੀਨ ਰੱਖਦੇ ਹਨ" ਤੇ ਐਲਾਨ ਕੀਤਾ ਕਿ ਇਹ ਮਸਲੇ "ਕੈਨੇਡੀਅਨ ਸੋਸਾਇਟੀ ਦੇ ਮਸਲੇ ਹਨ।"}

'ਈਸਟ ਇੰਡੀਅਨ ਡੀਫੈਂਸ ਕਮੇਟੀ' ਦੀ ਸਵੈ ਰੱਖਿਆ ਦੀ ਲਾਈਨ ਅਤੇ 'ਹੋਰ ਭਾਰਤੀ ਆਗੂਆਂ' ਵੱਲੋਂ ਵਿਰੋਧੀ ਵਿਚਾਰਧਾਰਾ ਪੇਸ਼ ਕਰਨ ਬਾਰੇ 11 ਮਾਰਚ ਤੋਂ 23 ਮਾਰਚ ਤੱਕ ਕਈ ਅਖ਼ਬਾਰਾਂ ਵਿਚ ਖ਼ਬਰਾਂ ਛਪਦੀਆਂ ਰਹੀਆਂ। ਇਨ੍ਹਾਂ ਖ਼ਬਰਾਂ ਵਿਚੋਂ ਚਾਰ ਪ੍ਰਤੀਨਿਧ ਖ਼ਬਰਾਂ ਇਸ ਤਰ੍ਹਾਂ ਹਨ:

PROVINCE (13 ਮਾਰਚ-ਸਫ਼ਾ 25) ਦੇ ਲੇਖ 'MARXIST-LENINISTS KNOWN BY POLICE FOR VIOLENCE' ਵਿਚ ਪੱਤਰਕਾਰ ਡੈਨੀ ਐਕਰਟਸ ਦੀਆਂ ਅੰਤਮ ਸਤਰਾਂ ਹਨ:

{ਈਸਟ ਇੰਡੀਅਨ ਡੀਫੈਂਸ ਕਮੇਟੀ ਨਵੰਬਰ 1973 ਵਿਚ ਮਾਰਕਸਵਾਦੀ-ਲੈਨਿਨਵਾਦੀ-ਮਾਓਵਾਦੀਆਂ ਵੱਲੋਂ ਸਥਾਪਤ ਕੀਤੀ ਗਈ। ਏਹੀ ਕਮੇਟੀ ਸੀ ਜਿਸਨੇ ਪਿਛਲੇ ਸਾਲ ਨਵੰਬਰ 'ਚ ਵੈਨਕੂਵਰ ਵਿਚ 'ਚਿੱਟੇ ਨਸਲਵਾਦੀਆਂ' ਅਤੇ 'ਵੈਨਕੂਵਰ ਦੀ ਨਸਲਵਾਦੀ ਪੁਲੀਸ' ਦੀਆਂ ਭਾਰਤੀ-ਕਮਿਊਨਿਟੀ ਵਿਰੁੱਧ ਸਰਗਰਮੀਆਂ ਦੇ ਖਿਲਾਫ਼ 'ਖਾੜਕੂ ਮੁਜ਼ਾਹਰਾ' (MILITANT DEMONSTRATION') ਕੀਤਾ ਸੀ।

---

(* ਕੇਹਰ ਸੇਖੋਂ 'ਈਸਟ-ਇੰਡੀਅਨ ਕੈਨੇਡੀਅਨ ਸਿਟੀਜ਼ਨਜ਼ ਵੈੱਲਫੇਅਰ ਐਸੋਸੀਏਸ਼ਨ' ਦਾ ਮੀਤ-ਪ੍ਰਧਾਨ ਅਤੇ 'ਇੰਡੋ-ਕੈਨੇਡੀਅਨ ਫਰੈਂਡਸ਼ਿਪ ਸੋਸਾਇਟੀ ਦਾ ਸਕੱਤਰ ਹੈ।)

ਬੈਂਸ, ਆਪਣੇ ਆਪ ਨੂੰ ਕੈਨੇਡਾ 'ਚ ਭਾਰਤੀ ਕਮਿਊਨਿਟੀ ਦਾ ਲੀਡਰ ਲਿਖਦਾ ਹੈ, ਜਿਸ ਗੱਲੋਂ ਕਿ ਕਮਿਊਨਿਟੀ ਦੇ ਸਥਾਨਕ ਆਗੂ ਬੜੀ ਤਰ੍ਹਾਂ ਮੁਨਕਰ ਹਨ। }

PROVINCE ਵਿੱਚ ਹੀ 'RACISM INACTION CHARGED' ਸਿਰਲੇਖ ਹੇਠ, (13 ਮਾਰਚ- ਸਫ਼ਾ 25) ਇਕ ਹੋਰ ਜ਼ਿੰਮੇਵਾਰ ਵਿਅਕਤੀ ਹਰਕਿਰਪਾਲ ਸਿੰਘ ਸਾਰਾ ਦਾ ਬਿਆਨ ਛਪਿਆ:

{ "ਉਸਨੇ (ਸਾਰਾ) ਕਿਹਾ ਕਿ ਉਹ ਕਿਸੇ ਤਰ੍ਹਾਂ ਵੀ ਚਿੱਟੇ ਨਸਲ-ਵਾਦੀਆਂ ਵਿਰੁੱਧ ਕਾਨੂੰਨ ਆਪਣੇ ਹੱਥਾਂ 'ਚ ਲੈਣ ਦੀ ਮਾਓਵਾਦੀ ਲੀਡਰ ਹਰਦਿਆਲ ਬੈਂਸ ਦੀ ਨੀਤੀ ਦੇ ਹੱਕ ਵਿੱਚ ਨਹੀਂ ਹੈ ਪਰੰਤੂ ਉਸਦਾ ਵਿਸ਼ਵਾਸ ਹੈ ਕਿ ਬੈਂਸ ਦਾ ਇਹ ਕਹਿਣਾ, ਕਿ ਉਸਦੇ ਪਿੱਛੇ ਲੱਗਭਗ 800 ਸਹਾਇਕ ਖੜ੍ਹੇ ਹਨ, ਠੀਕ ਹੈ; ਜਦ ਕਿ ਦੂਜੇ ਗਰੁਪ ਉਸ ਪਿੱਛੇ (ਬੈਂਸ ਪਿੱਛੇ) ਕੇਵਲ ਵੀਹ-ਤੀਹ ਬੰਦੇ ਹੀ ਦਸਦੇ ਹਨ।

ਸਾਰਾ, ਮਾਰਪੋਲ ਕਿਸਾਨ ਐਸੋਸੀਏਸ਼ਨ ਦਾ ਪਹਿਲਾ ਪ੍ਰਧਾਨ ਹੈ ਪਰੰਤੂ ਉਸਨੇ ਕਿਹਾ ਕਿ ਉਸਦਾ ਬਿਆਨ ਰਾਜਨੀਤਕ ਕਾਰਣਾਂ ਕਰਕੇ ਨਹੀਂ ਸਗੋਂ ਅਜੋਕੀ ਨਸਲਵਾਦੀ-ਖਿੱਚੋਤਾਣ ਪਿੱਛੇ ਛੁਪੇ ਕਾਰਣਾਂ ਨੂੰ ਸਮਝਾਉਣ ਲਈ ਹੈ।

"ਮੇਰਾ ਵਿਸ਼ਵਾਸ ਹੈ ਕਿ ਮਾਓਵਾਦੀਆਂ ਨੂੰ ਕੈਨੇਡਾ ਦੇ ਭਾਰਤੀਆਂ ਦਾ ਕਾਫ਼ੀ ਜ਼ਿਆਦਾ ਤੇ ਪਿਆਰ-ਭਰਿਆ ਸਹਿਯੋਗ ਪ੍ਰਾਪਤ ਹੈ," ਉਸਨੇ ਕਿਹਾ, "ਉਹ ਨਿਰਾਸ਼ਾਜਨਕ (DESPERATE CIRCUMSTANCES) ਹਾਲਾਤਾਂ ਕਾਰਣ ਜ਼ਿਆਦਾ ਹਰਮਨ ਪਿਆਰੇ ਬਣ ਗਏ ਹਨ।" }

ਤੀਜਾ ਬਿਆਨ ਡਾਕਟਰ ਮਾਈਕਲ ਏਮਜ਼ ਦਾ ਸੀ। 17 ਮਾਰਚ ਦੇ COQUITLAM ਤੋਂ ਛਪਦੇ 'COLUMBIAN' ਨਾਂ ਦੇ ਅਖ਼ਬਾਰ ਵਿੱਚ ਮੁਖ ਸਫ਼ੇ ਤੇ ਸੁਰਖੀ ਸੀ- 'RACISM CLOSE TO SURFACE IN B.C.–UBC EXPERT)। ਇਸ ਲੰਬੇ ਲੇਖ ਵਿੱਚ ਡਾਕਟਰ ਏਮਜ਼ (ਜੋ ਕਿ ਭਾਰਤੀ ਉਪ-ਮਹਾਂਦੀਪ ਦੇ ਮਸਲਿਆਂ ਬਾਰੇ ਨਿਪੁੰਨ ਵਿਦਵਾਨ ਕਿਹਾ ਜਾਂਦਾ ਹੈ ਤੇ ਉਚ-ਵਿਦਿਆ ਲਈ ਭਾਰਤ ਤੇ ਲੰਕਾ ਵਿੱਚ ਤਿੰਨ ਸਾਲ ਗੁਜ਼ਾਰਕੇ ਆਇਆ ਹੈ) ਦੀਆਂ ਇਹ ਸਤਰਾਂ ਬੜੀ ਮਹੱਤਵਪੂਰਨ ਕਹੀਆਂ ਜਾ ਸਕਦੀਆਂ ਹਨ:

{ ਇਹ ਸਮੱਸਿਆ ਕੇਵਲ ਦੋ ਸਾਲ ਪੁਰਾਣੀ ਨਹੀਂ ਹੈ, ਸਗੋਂ ਪਿਛਲੇ 60 ਸਾਲਾਂ ਵਿੱਚ ਇਹ "ਹੁਸੀਨ ਬੀ.ਸੀ." ਵਿੱਚ ਭਾਰਤੀ ਪਰਿਵਾਰਾਂ ਤੇ ਦਰਦਨਾਕ-ਢੰਗ ਹਮਲੇ ਹੁੰਦੇ ਰਹੇ ਹਨ। }

ਚੌਥਾ ਬਿਆਨ VANCOUVER SUN ਵਿੱਚ (19 ਮਾਰਚ-ਸਫ਼ਾ 47) ਹੀ 'LABOR DEFENDS EAST INDIANS' ਸਿਰਲੇਖ ਹੇਠ ਛਪਿਆ:

{ ਇੰਟਰਨੈਸ਼ਨਲ ਬ੍ਰਦਰਹੁਡ ਆਫ਼ ਇਲੈਕਟ੍ਰੀਕਲ ਵਰਕਰਜ਼, LOCAL 213 ਦੇ TERRY SIMPSON ਨੇ ਕਿਹਾ, "ਸਮਝ ਨਹੀਂ ਆਉਂਦੀ ਕਿ ਤੁਸੀਂ ਉਹਨਾਂ ਲੋਕਾਂ ਤੇ ਕਿਵੇਂ ਆਲੋਚਨਾ ਕਰ ਸਕਦੇ ਹੋ ਜਿਹੜੇ ਆਪਣੇ ਆਪ ਨੂੰ ਉਹਨਾਂ ਹਮਲਿਆਂ ਤੋਂ ਬਚਾਉਂਦੇ ਹਨ ਜਿੰਨ੍ਹਾਂ ਬਾਰੇ ਪੁਲੀਸ ਆਪ ਕਹਿੰਦੀ ਹੈ ਕਿ ਉਹ ਕੁਝ ਨਹੀਂ ਕਰ ਸਕਦੀ।" }



ਉਪਰੋਕਤ ਬਿਆਨਾਂ ਤੋਂ ਬੜੀਆਂ ਸਾਰੀਆਂ ਗਲਤ-ਫਹਿਮੀਆਂ ਪਈਆਂ ਜਿਨਾਂ ਦੇ ਸਪੱਸ਼ਟੀਕਰਣ ਲਈ ਈਸਟ ਇੰਡੀਅਨ ਡੀਫੈਂਸ ਕਮੇਟੀ ਨੇ 23 ਮਾਰਚ 1975 ਨੂੰ ਰੀਲੇ ਪਾਰਕ ਕਮਿਊਨਿਟੀ ਸੈਂਟਰ ਵਿੱਚ ਇਕ ਹੋਰ ਪਬਲਿਕ ਮੀਟਿੰਗ ਕੀਤੀ। VANCOUVER SUN (24 ਮਾਰਚ- ਸਫ਼ਾ 35) ਵਿੱਚ 'VIGILANTE ADVOCACY DENIED AT EAST-INDIAN GET-TOGETHER' ਸਿਰਲੇਖ ਹੇਠ ਛਪੀ, ਇਸ ਮੀਟਿੰਗ ਦੀ ਖ਼ਬਰ ਵਿੱਚੋਂ, ਇਹ ਗੱਲ ਸਾਫ਼ ਹੋਕੇ ਸਾਹਮਣੇ ਆਈ ਕਿ 9 ਮਾਰਚ ਦੀ ਮੀਟਿੰਗ ਵਿੱਚ ਦਿੱਤੇ ਗਏ ਬਿਆਨ ਪ੍ਰੈੱਸ ਦੁਆਰਾ ਤੋੜ ਮਰੋੜਕੇ ਪੇਸ਼ ਕੀਤੇ ਗਏ ਸਨ:

{ ਕਮਿਊਨਿਸਟ ਲੀਡਰ ਹਰਦਿਆਲ ਬੈਂਸ ਨੇ ਐਤਵਾਰ ਨੂੰ ਇਨਕਾਰ ਕੀਤਾ ਕਿ ਉਸਨੇ ਭਾਰਤੀਆਂ ਉੱਤੇ ਹਮਲਾ ਕਰਨ ਵਾਲੇ ਨਸਲਵਾਦੀਆਂ ਵਿਰੁੱਧ 'ਕਾਨੂੰਨ ਹੱਥਾਂ 'ਚ ਲੈ ਲੈਣ ਦੇ ਐਕਸ਼ਨ' (VIGILANTE ACTION) ਦੀ ਸਲਾਹ ਦਿੱਤੀ ਹੈ। ਮੀਟਿੰਗ ਨੂੰ ਸੰਬੋਧਤ ਕਰਦੇ ਹੋਏ ਬੈਂਸ ਨੇ ਕਿਹਾ ਕਿ MAGNA CARTA ਦੇ ਸਮੇਂ ਤੋਂ ਹੀ "ਬੁਰਜੂਆ ਡੈਮੋਕ੍ਰੈਟਿਕ ਕਾਨੂੰਨ" ਹਰ ਇਕ ਨੂੰ ਹਮਲਿਆਂ ਵਿਰੁੱਧ ਸਵੈ-ਰੱਖਿਆ ਦਾ ਅਧਿਕਾਰ ਦਿੰਦਾ ਹੈ ਜਦੋਂ ਸਥਾਪਤ-ਅਧਿਕਾਰੀ ਕੁਝ ਕਰਨ ਤੋਂ ਅਸਮਰਥ ਹੋਣ।

"ਮੈਂ ਕਾਨੂੰਨ ਹੱਥਾਂ 'ਚ ਲੈਣ ਵਾਲੇ ਗਰੁਪ ਬਨਾਉਣ ਲਈ ਨਹੀਂ ਕਹਿ ਰਿਹਾ।"

"ਜੇਕਰ ਪੁਲੀਸ ਸਾਡੇ ਲੋਕਾਂ ਤੇ ਹਮਲੇ ਬੰਦ ਕਰਾ ਸਕੇ, ਇਹ ਸਭ ਤੋਂ ਚੰਗੀ ਗੱਲ ਹੈ - ਤੇ ਇਹ ਪੁਲੀਸ ਲਈ ਇਕ ਚੈਲਿੰਜ ਹੈ।"

"ਜੇਕਰ ਅਖੌਤੀ ਭਾਰਤੀ ਆਗੂ, ਭਾਰਤੀ ਕਮਿਊਨਿਟੀ ਨੂੰ ਬਚਾ ਸਕਣ, ਇਹ ਇਕ ਬੜੀ ਵਧੀਆ ਗੱਲ ਹੈ।"

ਬੈਂਸ ਨੇ ਕਿਹਾ ਕਿ ਸਵੈ-ਰੱਖਿਆ ਬਾਰੇ ਉਸਦੀ ਪੁਜ਼ੀਸ਼ਨ ਨੂੰ ਪੱਤਰਕਾਰੀ ਰਾਹੀਂ ਤਰੋੜਿਆ ਮਰੋੜਿਆ ਗਿਆ ਹੈ। ਉਸਨੇ ਕਿਹਾ ਕਿ ਕਾਨੂੰਨ ਹੱਥਾਂ 'ਚ ਲੈਣ ਵਾਲੇ ਤਾਂ ਅਸਲ 'ਚ ਨਸਲਵਾਦੀ ਹਨ, ਜੋ ਗਲੀਆਂ 'ਚ ਘੁੰਮਦੇ ਹਨ ਅਤੇ ਭਾਰਤੀਆਂ ਤੇ ਅਕਾਰਣ ਹਮਲੇ ਕਰਦੇ ਹਨ।

"ਮੈਂ ਤਾਂ ਕਿਹਾ ਸੀ ਕਿ ਸਾਡੇ ਲੋਕਾਂ ਨੂੰ ਆਪਣੇ ਆਪ ਨੂੰ ਨਸਲੀ ਹਮਲਿਆਂ ਤੋਂ ਬਚਾਉਣ ਲਈ ਜ਼ਰੂਰ ਜਥੇਬੰਦ ਹੋਣਾ ਚਾਹੀਦਾ ਹੈ — ਜਿਸਦਾ ਮਤਲਬ ਹੈ ਕਿ ਸਾਨੂੰ, ਕਾਨੂੰਨ ਹੱਥਾਂ 'ਚ ਲੈਣ ਵਾਲਿਆਂ ਤੇ ਵਾਰ ਕਰਨਾ ਪਏਗਾ।" }

ਇਸੇ ਸਮੇਂ ਦੌਰਾਨ 12 ਮਾਰਚ ਨੂੰ ਈਸਟ ਇੰਡੀਅਨ ਡੀਫੈਂਸ ਕਮੇਟੀ ਵਲੋਂ ਟੋਰਾਂਟੋ ਵਿਚ ਪ੍ਰੈੱਸ ਕਾਨਫਰੰਸ ਵਿਚ ਦਿੱਤੇ ਗਏ ਬਿਆਨ ਦੇ ਤੀਜੇ ਤੇ ਛੇਵੇਂ ਨੁਕਤੇ ਵਿਚ ਕਮੇਟੀ ਨੇ ਆਪਣੇ ਸਵੈ-ਰੱਖਿਆ ਦੇ ਸਿਧਾਂਤ ਦੀ ਹੋਰ ਵਿਆਖਿਆ ਕੀਤੀ:-

{ਪ੍ਰੈਸ ਕਾਨਫਰੰਸ ਦੇ ਦੌਰਾਨ ਤੇ ਉਸਤੋਂ ਬਾਅਦ ਇਹ ਸਵਾਲ ਉਠਾਇਆ ਗਿਆ ਕਿ ਨਸਲਵਾਦੀਆਂ ਨੂੰ ਲੱਭ ਕੇ ਉਨ੍ਹਾਂ ਨੂੰ ਕੁਟਿਆ ਜਾਵੇ। ਸਾਥੀ ਬੈਂਸ ਨੇ ਦੱਸਿਆ ਕਿ ਜਿੱਥੋਂ ਤੱਕ ਈਸਟ ਇੰਡੀਅਨ ਡੀਫੈਂਸ ਕਮੇਟੀ ਦਾ ਸੰਬੰਧ ਹੈ-ਇਹ ਇਸ ਸਮੇਂ ਇਸ ਤਰ੍ਹਾਂ ਦੀ ਕਾਰਵਾਈ ਵਿਚ ਹਿੱਸਾ ਨਹੀਂ ਲਵੇਗੀ। ਡੀਫੈਂਸ ਕਮੇਟੀ ਦੀ ਨੀਤੀ ਲੋਕਾਂ ਨੂੰ ਸਵੈ-ਰੱਖਿਆ ਲਈ ਉਤਸ਼ਾਹਤ ਕਰਨਾ ਹੈ। ਜੇਕਰ ਕੁਝ ਵਿਅਕਤੀ ਨਸਲੀਆਂ ਨੂੰ ਲੱਭਕੇ ਉਨ੍ਹਾਂ ਦੀ ਭੁਗਤ ਸਵਾਰਨੀ ਚਾਹੁੰਦੇ ਹਨ ਤਾਂ ਇਹ ਉਨ੍ਹਾਂ ਦੀ ਆਪਣੀ ਪਾਲਸੀ ਹੋ ਸਕਦੀ ਹੈ, ਨਾ ਕਿ ਡੀਫੈਂਸ ਕਮੇਟੀ ਦੀ।

ਅਸੀਂ ਇਸ ਬਿਆਨ ਰਾਹੀਂ ਤਹਿ-ਦਿਲੋਂ ਇਸ ਗੱਲ ਦਾ ਐਲਾਨ ਕਰਦੇ ਹਾਂ ਕਿ ਜੇਕਰ ਸਰਕਾਰ ਅਤੇ ਇਸ ਦੀਆਂ ਸੰਸਥਾਵਾਂ ਨਸਲੀ ਹਮਲਿਆਂ ਦੇ ਖਿਲਾਫ਼ ਸਾਡੇ ਲੋਕਾਂ ਦੀ ਰਾਖੀ ਕਰਨ ਤਾਂ ਈਸਟ ਇੰਡੀਅਨ ਡੀਫੈਂਸ ਕਮੇਟੀ ਇਸ ਪੱਖ ਤੋਂ ਆਪਣੀਆਂ ਸਰਗਰਮੀਆਂ ਬੰਦ ਕਰ ਦੇਵੇਗੀ, ਪਰ ਉਦੋਂ ਤੱਕ ਨਹੀਂ ਜਦੋਂ ਤੱਕ ਇਹ ਗੱਲ ਨਹੀਂ ਹੁੰਦੀ। ਜੋ ਕਾਨੂੰਨ ਵਿਚ ਯਕੀਨ ਰੱਖਦੇ ਹਨ ਅਸੀਂ ਉਨ੍ਹਾਂ ਨੂੰ ਵੰਗਾਰਕੇ ਕਹਿੰਦੇ ਹਾਂ ਕਿ ਕਾਨੂੰਨ ਨਸਲਵਾਦੀਆਂ ਦੇ ਖਿਲਾਫ਼ ਵਰਤਕੇ ਵਿਖਾਓ।}

ਉਪਰੋਕਤ ਬਿਆਨ (23 ਮਾਰਚ 1975) ਵਿਚ ਜ਼ੋਰਦਾਰ ਸ਼ਬਦਾਂ 'ਚ ਦਿੱਤਾ ਗਿਆ ਕਿ ਬਾਅਦ ਵਿਚ ਕਿਸੇ ਨੇ ਇਸਦੇ ਵਿਰੁੱਧ ਲਿਖਣ, ਬੋਲਣ ਜਾਂ ਤੋੜਨ-ਮਰੋੜਨ ਦੀ ਕੋਸ਼ਿਸ਼ ਨਹੀਂ ਕੀਤੀ। ਇਹ ਪਬਲਿਕ-ਮੀਟਿੰਗ ਅਤੇ ਬਿਆਨ ਇਕ ਖ਼ਾਸ ਇਤਿਹਾਸਕ ਮਹੱਤਤਾ ਰੱਖਦੇ ਹਨ ਕਿਉਂਕਿ ਇਸ ਨਾਲ ਇਹ ਪੰਜ ਗੱਲਾਂ ਨਿਖਰਕੇ ਸਾਹਮਣੇ ਆਈਆਂ ਹਨ:

1. ਪਹਿਲੀ ਵਾਰ ਭਾਰਤੀ ਕਮਿਊਨਿਟੀ ਦੇ ਹਰ ਆਗੂ ਨੇ ਕੈਨੇਡਾ ਵਿਚ ਭਾਰਤੀਆਂ ਨਾਲ ਹੋ ਰਹੇ ਨਸਲੀ-ਵਿਤਕਰੇ ਦੀ ਹੋਂਦ ਨੂੰ ਸਵੀਕਾਰ ਕੀਤਾ ਹੈ।
2. ਇਸ ਦਿਸ਼ਾ ਉੱਤੇ ਹਰ ਇਕ ਜਥੇਬੰਦੀ ਅਤੇ ਹਰ ਆਗੂ ਵਲੋਂ ਖੁਲ੍ਹਕੇ ਬਿਆਨਬਾਜ਼ੀ ਹੋਣ ਨਾਲ ਇਕ ਰੂਪ ਵੱਟੀ ਹੈ। ਇਸ ਨਾਲ ਲੋਕਾਂ ਨੂੰ ਪਤਾ ਲੱਗ ਗਿਆ ਹੈ ਕਿ ਕਿਹੜਾ ਲੀਡਰ ਅਸਲ 'ਚ ਕੀ ਹੈ ਅਤੇ ਕੀ ਕਹਿਣਾ ਚਾਹੁੰਦਾ ਹੈ।
3. ਆਮ ਭਾਰਤੀ ਲੋਕ ਜਮਹੂਰੀ ਤਰੀਕੇ ਨਾਲ ਖੁੱਲੀਆਂ ਪਬਲਿਕ ਮੀਟਿੰਗਾਂ ਨੂੰ ਬੰਦ-ਕਮਰਾ ਮੀਟਿੰਗਾਂ ਤੋਂ ਜ਼ਿਆਦਾ ਪਸੰਦ ਕਰਦੇ ਹਨ।
4. ਨਾ ਹਰਦਿਆਲ ਬੈਂਸ ਨੂੰ ਅਤੇ ਨਾ ਹੀ ਕਿਸੇ ਹੋਰ ਨੂੰ ਕੇਵਲ ਇਸ ਆਧਾਰ ਤੇ DEPORT ਕੀਤਾ ਜਾ ਸਕਦਾ ਹੈ ਕਿ ਉਸਨੇ ਸਵੈ-ਰੱਖਿਆ ਦੀ ਮੰਗ ਕਿਉਂ ਕੀਤੀ।
5. ਅੰਤਮ ਸਪੱਸ਼ਟੀਕਰਣ (23 ਮਾਰਚ) ਨੇ ਕੈਨੇਡੀਅਨ ਪ੍ਰੈੱਸ ਨੂੰ ਵੀ ਕਿਸੇ ਬਿਆਨ ਨੂੰ ਸਹੀ ਢੰਗ ਨਾਲ ਪੇਸ਼ ਕਰਨ ਦੀ ਜ਼ਿੰਮੇਵਾਰੀ ਦਾ ਅਹਿਸਾਸ ਕਰਾਇਆ ਹੈ।

ਅਸਲ ਗੱਲ ਤਾਂ ਇਹ ਹੈ ਕਿ ਸਵੈ-ਰੱਖਿਆ ਦੀ ਮੰਗ ਕਰਨਾ ਕੋਈ 'ਜੁਰਮ' ਜਾਂ 'ਸਾਜ਼ਿਸ਼' ਨਹੀਂ, ਨਾਂ ਹੀ ਇਹ 'ਸਿਰ-ਫਿਰਿਆਂ' ਜਾਂ 'ਮਾਰਕਸ-ਵਿਰੋਧੀਆਂ' ਦੀ ਲਾਈਨ ਹੈ। ਕੋਈ ਵੀ ਸੂਝਵਾਨ ਵਿਅਕਤੀ, ਕਦੇ ਵੀ ਸਵੈ-ਰੱਖਿਆ ਦੇ ਸਿਧਾਂਤ ਦੀ ਵਿਰੋਧਤਾ ਨਹੀਂ ਕਰ ਸਕਦਾ। ਗੁਰੂ ਗੋਬਿੰਦ ਸਿੰਘ ਨੇ ਵੀ ਸਪੱਸ਼ਟ ਕਿਹਾ ਹੈ:

ਚੂੰ ਕਾਰ ਅਜ਼ ਹਮਾਂ ਹੀਲਤੇ ਦਰ ਗੁਜ਼ਸ਼ਤ।
ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ।

ਜਦੋਂ ਮੰਗਣ ਤੇ ਵੀ ਆਪਣੇ ਹੱਕ ਪ੍ਰਾਪਤ ਨਾ ਕੀਤੇ ਜਾ ਸਕਣ ਤਾਂ ਹੱਕਾਂ ਨੂੰ ਛੱਡ ਦੇਣ ਵਰਗੀ ਬੁਜ਼ਦਿਲੀ ਹੋਰ ਕੋਈ ਨਹੀਂ। ਪਰ 'ਹੱਕ' ਮੰਗਣ ਦਾ ਹੱਕ ਉਨ੍ਹਾਂ ਲੋਕਾਂ ਨੂੰ ਹੈ ਜੋ ਆਪਣੇ 'ਫ਼ਰਜ਼' ਪਛਾਣਦੇ ਹੋਣ। ਅੱਜ ਸਾਡਾ 'ਹੱਕ' ਹੈ ਕਿ ਅਸੀਂ ਸਵੈ-ਰੱਖਿਆ ਦੀ ਮੰਗ ਕਰੀਏ ਅਤੇ 'ਫ਼ਰਜ਼' ਹੈ ਕਿ ਲੋਕਾਂ ਨੂੰ ਸਵੈ-ਰੱਖਿਆ ਕਰਨ ਲਈ ਜਥੇਬੰਦ ਕਰੀਏ!

{ਨੋਟ: ਇਹ ਲੇਖ ਲੰਬਾ ਹੋ ਜਾਣ ਕਰਕੇ ਅਸੀਂ 'ਸਾਰੇ ਸੰਸਾਰ ਵਿਚ ਨਸਲਵਾਦ ਦੀ ਸਮੱਸਿਆ ਦਾ ਇਤਿਹਾਸ' ਅਗਲੇ ਅੰਕਾਂ ਵਿਚ ਪੇਸ਼ ਕਰਾਂਗੇ। ਸਾਰੇ ਲੇਖਕਾਂ ਅਤੇ ਪਾਠਕਾਂ ਨੂੰ 'ਨਸਲਵਾਦ ਦੀ ਸਮੱਸਿਆ' ਬਾਰੇ ਲਿਖਤੀ-ਵਿਚਾਰ ਭੇਜਣ ਲਈ ਖੁੱਲ੍ਹਾ-ਸੱਦਾ-ਪੱਤਰ' ਹੈ!

— (ਸੰਪਾਦਕ)}

# I want you to pay less income tax this year.

There's a section in the Income Tax Act that says you can deduct a substantial amount from your ? earned income if you have an eligible retirement savings plan. All you have to do is register your annuity or permanent life insurance plan. I can show you how. Just call me. Helping people save tax money is one of the services I perform best.

**RIASAT ALI KHAN** Of **SunLife OF CANADA**

**500 One Bentall Centre**
**505 Burrard Street**
**Vancouver 1. B.C.**
Off: 681-5321 Res: 785-2950

---

ਕੀ ਤੁਸੀਂ ਟੈਕਸ ਦੇਣਾ ਚਾਹੁੰਦੇ ਹੋ ਜਾਂ ਇਸ ਟੈਕਸ ਦੀ ਰਕਮ ਨੂੰ ਆਪਣੇ ਭਵਿੱਖ ਲਈ ਬੱਚਤ ਦਾ ਰੂਪ ਦੇਣ ਦੇ ਚਾਹਵਾਨ ਹੋ? ਸਰਕਾਰ ਦੀਆਂ ਮਨਜ਼ੂਰ-ਸ਼ੁਦਾ ਅਜਿਹੀਆਂ ਬੱਚਤ ਸਕੀਮਾਂ ਦੀ ਜਾਣਕਾਰੀ ਪ੍ਰਾਪਤ ਕਰਨ ਲਈ ਅਤੇ ਹਰ ਪ੍ਰਕਾਰ ਦੇ ਬੀਮੇ (ਜੀਵਨ-ਬੀਮਾ, ਘਰ ਜਾਂ ਕਾਰ ਆਦਿ ਲਈ ਲਏ ਹੋਏ ਕਰਜ਼ੇ ਦਾ ਬੀਮਾ, ਬੱਚਿਆਂ ਵਾਸਤੇ ਵਿੱਦਿਆ ਬੀਮਾ)· ਬਾਰੇ ਠੀਕ ਰਾਇ ਹਾਸਲ ਕਰਨ ਲਈ ਖ਼ੁਸ਼ੀ ਨਾਲ ਫ਼ੋਨ ਕਰੋ:



## ਬਾਲ ਸੇਠੀ, ਐੱਮ.ਏ.

## BAL SETHI, M.A.

Bus. 683-6905

**THE MUTUAL LIFE OF CANADA**

977—777 Hornby Street, Vancouver, B.C. V6Z 1S4

---

## ਰਾਮ'ਜ਼ ਇਲੈਕਟਰਿਕ

## RAM'S ELECTRIC

* Commercial
* Industrial
* Residential

Wiring, Rewiring and Repairs

— 24 Hour Service - -

**PHONE: 733-8274**

104—3533 W. 4th Avenue, Vancouver, B.C.

# HIMALAYA RESTAURANT

LICENSED PREMISES

## 2313 Main Street, Vancouver, B.C.

## Phone: 876-2911

# ਹਿਮਾਲੀਆ ਰੈਸਟੋਰੈਂਟ

• ਹਰ ਕਿਸਮ ਦੀਆਂ ਤਾਜ਼ੀਆਂ ਸੁਆਦੀ ਪੰਜਾਬੀ ਮਠਿਆਈਆਂ ਹਰ ਵਕਤ ਤਿਆਰ ਮਿਲਦੀਆ ਹਨ •

• ਹਰ ਕਿਸਮ ਦੀ ਵਿਸਕੀ, ਵਾਈਨ ਅਤੇ ਬੀਅਰ ਵੀ ਮਿਲਦੀ ਹੈ •

• ਵਿਆਹ ਸ਼ਾਦੀਆਂ ਵਿੱਚ INDOOR ਤੇ OUTDOOR ORDERS ਤੇ ਵੱਡੇ ਪੈਮਾਨੇ ਤੇ ਮਠਿਆਈ ਦੀ ਤਿਆਰ ਕੀਤੀ ਜਾਂਦੀ ਹੈ •



## COMPLETE CARPENTER RENOVATIONS

* Highly skilled tradesmen
* Supply all trades
* Painting & decorating services
* Reasonable rates

**PHONE:**

**435-7069**

**RANDY RANDHAWA**



**BLOCK BB BROS.**

ਹਰ ਤਰ੍ਹਾਂ ਦੀ ਜਾਇਦਾਦ
ਖਰੀਦਣ ਜਾਂ ਵੇਚਣ ਲਈ
ਤੁਹਾਡੇ ਨਵੇਂ ਸਹਾਇਕ

ਦਰਸ਼ਨ ਉੱਪਲ

(ਫੋਨ: 581-4601, 594-8758)



Darshan Uppal
Res.: 594-8758

**BLOCK BROS. REALTY LTD.**
A DIVISION OF BLOCK BROS. INDUSTRIES LTD.
9360 - 120 Street, Surrey, B.C.
581-4601

## Top Priority

Anything more important than your family's future? Put first things first with common sense life insurance. Call me today.

We sell life insurance. — But our business is life.

## METROPOLITAN LIFE

550—6th Street, Ste. 270, New Westminster, B.C. V3L 3B8

ਅਜੀਤ ਸਿੱਧੂ

ਜੋ ਬੀਮਾ-ਸੇਵਾਵਾਂ ਦੇ ਮਾਹਿਰ ਹਨ ਅਤੇ ਇੰਗਲੈਂਡ ਵਿੱਚ ਇੰਡੀਅਨ ਵਰਕਰਜ਼' ਐਸੋਸੀਏਸ਼ਨ, ਸਾਊਥਾਲ ਦੇ ਫਾਊਂਡਰ ਮੈਂਬਰ ਅਤੇ ਅਹੁਦੇਦਾਰ ਹਨ!

**Ajit S. Sidhu**

Sales representative

Office: 524-3601

Residence: 584-4516





## BAINS INTERNATIONAL TRAVEL SERVICE LTD.

(MEMBER IATA)

6364 FRASER STREET
VANCOUVER 15, B.C.
TEL: 324-2277

1710 DOUGLAS STREET
VICTORIA, B.C.
TEL: 386-6363

GROUP DEPARTURE TO INDIA EVERY SATURDAY

ENQUIRE FOR OTHER SPECIAL FARES: AFFINITY GROUP, EXCURSIONS, CHARTERS LONDON, HONG KONG, SINGAPORE, FIJI OR ANY OTHER PART OF THE WORLD.

**Being IATA member we can issue your ticket while you wait on any air line.**

***Remember . . . One call does it all ! ! !***

### ਬੈਂਸ ਇੰਟਰਨੈਸ਼ਨਲ ਟਰੈਵਲ ਸਰਵਿਸ

ਦੁਨੀਆਂ ਦੇ ਕਿਸੇ ਵੀ ਕੋਨੇ ਵਿੱਚ ਜਾਣ ਲਈ ਜਾਂ ਆਪਣੇ ਰਿਸ਼ਤੇਦਾਰਾਂ, ਮਿੱਤਰਾਂ ਦੇ ਮੰਗਵਾਉਣ ਲਈ ਸਾਨੂੰ ਦਰਸ਼ਨ ਦਿਉ। ਕਿਉਂਕਿ ਅਸੀਂ ਸਾਰੀਆਂ ਏਅਰ ਲਾਈਨਜ਼ ਦੀਆਂ ਟਿਕਟਾਂ ਵੇਚਦੇ ਹਾਂ ਇਸ ਲਈ ਤੁਹਾਨੂੰ ਸਸਤੀਆਂ ਟਿਕਟਾਂ ਮਿਲਣਗੀਆਂ। ਪਾਸਪੋਰਟ ਤੇ ਵੀਜ਼ਾ ਲੈਣ ਵਿੱਚ ਪੂਰੀ ਮੱਦਦ ਕੀਤੀ ਜਾਵੇਗੀ। IATA ਦੇ ਮੈਂਬਰ ਹੋਣ ਕਰਕੇ ਅਸੀਂ ਤੁਹਾਨੂੰ ਉਸੇ ਸਮੇਂ ਹੀ ਟਿਕਟਾਂ ਦੇ ਸਕਦੇ ਹਾਂ ਜਦ ਤੁਸੀਂ ਬੁਕਿੰਗ ਕਰਾਉ!

LITERARY & CULTURAL MONTHLY OF PANJABI
THE WATNO DŪR
Post Box No. 1041 Coquitlam, B.C., Canada

ਵਤਨੋਂ ਦੂਰ ( ਕੈਨੇਡਾ ਵਿੱਚ ਪੰਜਾਬੀ ਦਾ ਸਾਹਿੱਤਕ-ਸੱਭਿਆਚਾਰਕ ਮਾਸਕ-ਪੱਤਰ)
APRIL, 1975 S. NO. 22
SECOND CLASS MAIL
REGISTRATION NUMBER: 3233




872-8478
435-4504

HAKIM S. GILL

# BIG SAVINGS



COME AND SAVE
AT
GILL SALES

4525 MAIN ST. AT 29th AVE. UPSTAIRS

MOVING TO

4678 MAIN STREET (ON 18. 4. 1975)

ADMIRAL 26" SOLID STATE
SPECIAL: 669.95 REGULAR: 889.00



BONUS GIFT
SPECIAL: 15.95
REGULAR: 55.83

Electronic calculator with memory & percent.